24-OCT-PAGE-3.qxd 10/23/2022 9:23 PM Page 1


ਸੋਮਵਾਰ, 24 ਅਕਤੂਬਰ, 2022
8 ਕੱਤਕ { ਨਾਨਕਸ਼ਾਹੀ 554 / ਬਿਕ੍ਰਮੀ 2079
ਜਿਲਦ/VOL. : 71
ਅੰਕ/NO. : 144

# ਨਵਾਂ ਜ਼ਮਾਨਾ

DAILY NAWAN ZAMANA • MONDAY, 24 OCTOBER, 2022

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 14


## 6 ਸੰਚਾਰ ਉਪਗ੍ਰਹਿ ਗ੍ਰਹਿ ਪੰਧ 'ਤੇ ਪਾਏ



**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼)**-ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਸਭ ਤੋਂ ਭਾਰੇ ਰਾਕੇਟ ਐੱਲ ਵੀ ਐੱਮ 3-ਐੱਮ 2 ਨੂੰ ਐਤਵਾਰ ਇੱਥੇ ਪੁਲਾੜ ਸਟੇਸ਼ਨ ਤੋਂ ਲਾਂਚ ਕੀਤਾ ਗਿਆ ਅਤੇ ਯੂ ਕੇ-ਅਧਾਰਤ ਗਾਹਕ ਲਈ 36 ਬਰਾਡਬੈਂਡ ਸੰਚਾਰ ਉਪਗ੍ਰਹਿਆਂ ਨੂੰ ਹੇਠਲੇ ਗ੍ਰਹਿ ਪੰਧ 'ਚ ਸਥਾਪਤ ਕੀਤਾ ਗਿਆ। ਰਾਕੇਟ 'ਚ 8,000 ਕਿਲੋ ਤੱਕ ਦੇ ਉਪਗ੍ਰਹਿਆਂ ਨੂੰ ਪੁਲਾੜ 'ਚ ਲਿਜਾਣ ਦੀ ਸਮਰੱਥਾ ਹੈ। ਇਹ ਮਿਸ਼ਨ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਐੱਲ ਵੀ ਐੱਮ 3 ਦਾ ਪਹਿਲਾ ਵਪਾਰਕ ਮਿਸ਼ਨ ਹੈ।

## 21 ਕਿੱਲੋ ਹੈਰੋਇਨ ਸਣੇ ਪੰਜਾਬੀ ਡਰਾਈਵਰ ਫੜਿਆ

**ਜੰਮੂ :** ਊਧਮਪੁਰ 'ਚ ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਪੁਲਸ ਨੇ ਐਤਵਾਰ ਟਰੱਕ ਵਿੱਚੋਂ 21 ਕਿੱਲੋ ਤੋਂ ਵੱਧ ਹੈਰੋਇਨ ਜ਼ਬਤ ਕਰਨ ਮਗਰੋਂ ਡਰਾਈਵਰ ਨਵਾਂ ਸ਼ਹਿਰ ਦੇ ਕੁਲਵਿੰਦਰ ਸਿੰਘ ਨੂੰ ਹਿਰਾਸਤ 'ਚ ਲੈ ਲਿਆ।

## ਭੈਣ-ਭਰਾ ਡੁੱਬ ਗਏ

**ਜੈਪੁਰ :** ਜੈਸਲਮੇਰ ਜ਼ਿਲ੍ਹੇ ਦੇ ਮੋਹਨਗੜ੍ਹ ਦੇ ਨਹਿਰੀ ਇਲਾਕੇ ਵਿਚ ਖੇਤ 'ਚ ਬਣੇ ਇਕ ਚੁਬੱਚੇ 'ਚ ਖੇਡਦਿਆਂ ਦੋ ਸਾਲ ਦੇ ਕਰਸ਼ ਤੇ ਉਸ ਦੀ ਤਿੰਨ ਸਾਲ ਦੀ ਭੈਣ ਸਪਨਾ ਦੀ ਡੁੱਬਣ ਕਾਰਨ ਮੌਤ ਹੋ ਗਈ।

## ਕੈਨੇਡਾ ਦੇ ਹਵਾਈ ਅੱਡੇ ਤੋਂ ਉਡਾਣਾਂ ਮੁਅੱਤਲ

**ਟੋਰਾਂਟੋ :** ਨੇੜੇ ਫੈਰੀ ਟਰਮੀਨਲ ਤੋਂ ਧਮਾਕਾਖੇਜ਼ ਯੰਤਰ ਮਿਲਣ ਦੀ ਸੂਚਨਾ ਤੋਂ ਬਾਅਦ ਕੈਨੇਡਾ 'ਚ ਟੋਰਾਂਟੋ ਦੇ ਬਿੱਲੀ ਬਿਸ਼ਪ ਟਾਪੂ ਹਵਾਈ ਅੱਡੇ ਤੋਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਗਈਆਂ ਅਤੇ ਯਾਤਰੀਆਂ ਨੂੰ ਹਵਾਈ ਅੱਡੇ ਤੋਂ ਨਿਕਲਣ ਦੇ ਹੁਕਮ ਦਿੱਤੇ ਗਏ। ਪੁਲਸ ਨੇ ਦੋ ਜਣਿਆਂ ਨੂੰ ਹਿਰਾਸਤ 'ਚ ਲੈ ਲਿਆ, ਜਿਹੜੇ ਜਾਂਚ 'ਚ ਸਹਿਯੋਗ ਦੇ ਰਹੇ ਹਨ। ਪੁਲਸ ਨੇ ਫੈਰੀ ਟਰਮੀਨਲ ਦੇ ਨੇੜੇ ਦੋ ਇਮਾਰਤਾਂ ਨੂੰ ਵੀ ਖਾਲੀ ਕਰਵਾ ਲਿਆ ਸੀ, ਜਦਕਿ ਤੀਜੀ ਨੂੰ ਅੰਸ਼ਕ ਤੌਰ 'ਤੇ ਖਾਲੀ ਕਰਵਾਇਆ ਗਿਆ। ਕਈ ਘੰਟੇ ਟਰਮੀਨਲ 'ਚ ਫਸੇ ਰਹੇ ਯਾਤਰੀਆਂ ਨੂੰ 'ਵਾਟਰ ਟੈਕਸੀਆਂ' ਰਾਹੀਂ ਕੱਢਿਆ ਗਿਆ।

## ਅਮਰੀਕਾ 'ਚ ਗੋਲੀਬਾਰੀ ਨਾਲ ਤਿੰਨ ਮੌਤਾਂ

**ਕੈਲੀਫੋਰਨੀਆ :** ਅਮਰੀਕਾ ਦੇ ਡਲਾਸ ਅਤੇ ਕੈਲੀਫੋਰਨੀਆ ਵਿਚ ਗੋਲੀਬਾਰੀ ਦੀਆਂ ਦੋ ਘਟਨਾਵਾਂ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ। ਸ਼ਨੀਵਾਰ ਡਲਾਸ ਦੇ ਮੈਥੋਡਿਸਟ ਹੈਲਥ ਸਿਸਟਮ ਹਸਪਤਾਲ 'ਚ ਗੋਲੀਬਾਰੀ 'ਚ ਦੋ ਮੁਲਾਜ਼ਮਾਂ ਦੀ ਮੌਤ ਹੋ ਗਈ, ਜਦੋਂ ਕਿ ਪੁਲਸ ਦੀ ਜਵਾਬੀ ਗੋਲੀਬਾਰੀ 'ਚ ਇਕ ਸ਼ੱਕੀ ਬੰਦੂਕਧਾਰੀ ਜ਼ਖ਼ਮੀ ਹੋ ਗਿਆ। ਕੈਲੀਫੋਰਨੀਆ ਦੇ ਗਰਾਂਟ ਯੂਨੀਅਨ ਹਾਈ ਸਕੂਲ 'ਚ ਗੋਲੀਬਾਰੀ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ।

## ਭਾਰਤ ਜੋੜੋ ਯਾਤਰਾ ਤਿਲੰਗਾਨਾ 'ਚ ਦਾਖਲ

**ਹੈਦਰਾਬਾਦ :** ਰਾਹੁਲ ਗਾਂਧੀ ਦੀ ਅਗਵਾਈ 'ਚ 'ਭਾਰਤ ਜੋੜੋ ਯਾਤਰਾ' ਕਰਨਾਟਕ ਪੜਾਅ ਪੂਰਾ ਕਰਨ ਤੋਂ ਬਾਅਦ ਐਤਵਾਰ ਤਿਲੰਗਾਨਾ 'ਚ ਦਾਖਲ ਹੋਈ, ਜਿਸ ਦਾ ਤਿਲੰਗਾਨਾ-ਕਰਨਾਟਕ ਸਰਹੱਦ 'ਤੇ ਕਾਂਗਰਸ ਦੀ ਤਿਲੰਗਾਨਾ ਇਕਾਈ ਦੇ ਨੇਤਾਵਾਂ ਨੇ ਸ਼ਾਨਦਾਰ ਸਵਾਗਤ ਕੀਤਾ। ਕ੍ਰਿਸ਼ਨਾ ਨਦੀ ਦੇ ਪੁਲ 'ਤੇ ਸੈਂਕੜੇ ਵਰਕਰ ਮੌਜੂਦ ਸਨ। ਤਿਲੰਗਾਨਾ 'ਚ ਇਹ ਯਾਤਰਾ 16 ਦਿਨਾਂ ਤੱਕ ਚੱਲੇਗੀ। ਬਾਅਦ 'ਚ ਰਾਹੁਲ ਹੈਲੀਕਾਪਟਰ ਰਾਹੀਂ ਹੈਦਰਾਬਾਦ ਲਈ ਰਵਾਨਾ ਹੋਏ, ਜਿੱਥੋਂ ਉਨ੍ਹਾ ਦਿੱਲੀ ਲਈ ਉਡਾਣ ਭਰਨੀ ਸੀ। ਤਿਲੰਗਾਨਾ ਕਾਂਗਰਸ ਕਮੇਟੀ ਨੇ ਸ਼ਨੀਵਾਰ ਕਿਹਾ ਸੀ ਕਿ ਦੀਵਾਲੀ ਦੌਰਾਨ 23 ਅਕਤੂਬਰ ਦੁਪਹਿਰ ਤੋਂ 26 ਅਕਤੂਬਰ ਤੱਕ ਤਿੰਨ ਦਿਨਾਂ ਲਈ ਯਾਤਰਾ ਰੋਕ ਦਿੱਤੀ ਜਾਵੇਗੀ ਅਤੇ 27 ਅਕਤੂਬਰ ਨੂੰ ਗੁਡੇਬੇਲੂਰ ਤੋਂ ਯਾਤਰਾ ਮੁੜ ਸ਼ੁਰੂ ਹੋਵੇਗੀ।

## ਛੁੱਟੀ ਦਾ ਐਲਾਨ

ਅੱਜ ਰੌਸ਼ਨੀਆਂ ਦਾ ਤਿਉਹਾਰ 'ਦੀਵਾਲੀ' ਹੈ। ਦੇਸ਼-ਵਿਦੇਸ਼ 'ਚ ਵਸਦੇ 'ਨਵਾਂ ਜ਼ਮਾਨਾ' ਦੇ ਪਾਠਕਾਂ ਨੂੰ ਦੀਵਾਲੀ ਦੀਆਂ ਮੁਬਾਰਕਾਂ। ਸਾਡੇ ਸਾਰੇ ਦਫਤਰ ਅੱਜ ਬੰਦ ਰਹਿਣਗੇ, ਜਿਸ ਕਾਰਨ 25 ਅਕਤੂਬਰ ਨੂੰ ਅਖ਼ਬਾਰ ਤੁਹਾਡੇ ਹੱਥਾਂ ਵਿੱਚ ਨਹੀਂ ਹੋਵੇਗਾ।

*-ਸੰਪਾਦਕ*

# ਕਰਨਾਟਕ ਦੇ ਮੰਤਰੀ ਨੇ ਮਹਿਲਾ ਦੇ ਥੱਪੜ ਮਾਰਿਆ



**ਬੇਂਗਲੁਰੂ :** ਕਰਨਾਟਕ ਦੇ ਮਕਾਨ ਤੇ ਬੁਨਿਆਦੀ ਢਾਂਚਾ ਵਿਕਾਸ ਮੰਤਰੀ ਵੀ ਸੋਮੰਨਾ ਨੇ ਆਪਣੀ ਸ਼ਿਕਾਇਤ ਦਾ ਨਿਵਾਰਨ ਕਰਾਉਣਾ ਚਾਹੁੰਦੀ ਮਹਿਲਾ ਨੂੰ ਥੱਪੜ ਜੜ ਦਿੱਤਾ। ਸੋਮੰਨਾ, ਜਿਹੜੇ ਚਾਮਰਾਜਨਗਰ ਜ਼ਿਲ੍ਹੇ ਦੇ ਇੰਚਾਰਜ ਵੀ ਹਨ, ਸ਼ਨੀਵਾਰ ਸ਼ਾਮ ਹੰਗਲਾ ਪਿੰਡ 'ਚ 173 ਲਾਭਪਾਤਰੀਆਂ ਨੂੰ ਜ਼ਮੀਨ ਦੇ ਮਾਲਕਾਨਾ ਹੱਕ ਦੇਣ ਗਏ ਸਨ। ਸਮਾਗਮ ਵਿਚ ਰੌਲਾ ਪੈ ਗਿਆ, ਜਦੋਂ ਕੁਝ ਮਹਿਲਾਵਾਂ ਨੇ ਦੋਸ਼ ਲਾਇਆ ਕਿ ਲਾਭਪਾਤਰੀਆਂ ਦੀ ਪਛਾਣ ਠੀਕ ਢੰਗ ਨਾਲ ਨਹੀਂ ਕੀਤੀ ਗਈ। ਇਕ ਮਹਿਲਾ ਕੇਮਪੰਮਾ ਆਪਣਾ ਦੁਖੜਾ ਸੁਣਾਉਣ ਲਈ ਮੰਤਰੀ ਕੋਲ ਪੁੱਜ ਗਈ। ਮੰਤਰੀ ਨੇ ਉਦੋਂ ਹੀ ਉਸ ਨੂੰ ਥੱਪੜ ਜੜ ਦਿੱਤਾ। ਫੋਟੋਗ੍ਰਾਫਰਾਂ ਤੇ ਵੀਡੀਓਗ੍ਰਾਫਰਾਂ ਨੇ ਇਹ ਮੌਕਾ ਕੈਦ ਕਰ ਲਿਆ ਤੇ ਫੋਟੋਆਂ ਵਾਇਰਲ ਹੋ ਗਈਆਂ।

ਪਏ ਰੌਲੇ ਤੋਂ ਬਾਅਦ ਮੰਤਰੀ ਦੇ ਹਮਾਇਤੀਆਂ ਦੇ ਦਬਾਅ ਵਿਚ ਮਹਿਲਾ ਨੇ ਪੱਤਰਕਾਰਾਂ ਅੱਗੇ ਇਹ ਕਹਾਣੀ ਬਿਆਨ ਕੀਤੀ ਕਿ ਮੰਤਰੀ ਨੇ ਸੰਕਟ ਵੇਲੇ ਉਸ ਦੇ ਪਰਵਾਰ ਦੀ ਮਦਦ ਕੀਤੀ ਸੀ। ਮੰਤਰੀ ਦੀ ਕ੍ਰਿਪਾ ਨਾਲ ਉਸ ਦੇ ਬੱਚਿਆਂ ਨੂੰ ਲਾਭ ਹੋਇਆ ਤੇ ਉਹ ਉਸ ਦੀ ਤਸਵੀਰ ਦੀ ਪੂਜਾ ਕਰਦੇ ਹਨ। ਘਟਨਾ ਵਿਰੁੱਧ ਮੈਸੂਰ ਵਿਚ ਸਥਾਨਕ ਕੌਂਸਲਰ ਦੀ ਅਗਵਾਈ ਵਿਚ ਪ੍ਰੋਟੈੱਸਟ ਕਰਕੇ ਦੋਸ਼ ਲਾਇਆ ਗਿਆ ਕਿ ਮੰਤਰੀ ਨੇ ਅਨੁਸੂਚਿਤ ਕਬੀਲੇ ਦੀ ਮਹਿਲਾ ਦੀ ਬੇਇੱਜ਼ਤੀ ਕੀਤੀ।

ਕਾਂਗਰਸ ਨੇ ਵੀ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਬਸਵਰਾਜ ਬੋਮਈ ਨੇ ਮੰਤਰੀ ਤੋਂ ਸਪੱਸ਼ਟੀਕਰਨ ਮੰਗਿਆ ਹੈ।

# ਆਖਰੀ ਗੇਂਦ 'ਤੇ ਦੀਵਾਲੀ



ਜਿੱਤ ਦੇ ਹੀਰੋ ਅਰਸ਼ਦੀਪ ਤੇ ਵਿਰਾਟ ਕੋਹਲੀ।

**ਮੈਲਬਰਨ :** ਟੀ-20 ਕ੍ਰਿਕਟ ਵਿਸ਼ਵ ਕੱਪ 'ਚ ਐਤਵਾਰ ਗਹਿਗਚ ਮੁਕਾਬਲੇ ਵਿਚ ਵਿਰਾਟ ਕੋਹਲੀ ਦੀ ਸ਼ਾਨਦਾਰ ਬੱਲੇਬਾਜ਼ੀ ਤੇ ਅਰਸ਼ਦੀਪ ਦੀ ਮਾਰੂ ਗੇਂਦਬਾਜ਼ੀ ਦੇ ਸਦਕੇ ਭਾਰਤ ਨੇ ਪਾਕਿਸਤਾਨ ਨੂੰ ਚਾਰ ਵਿਕਟਾਂ ਨਾਲ ਹਰਾ ਦਿੱਤਾ। ਜਿੱਤ ਲਈ ਭਾਰਤ ਨੂੰ 160 ਦੌੜਾਂ ਦਾ ਟੀਚਾ ਮਿਲਿਆ ਸੀ, ਜਿਸ ਨੂੰ ਭਾਰਤੀ ਟੀਮ ਨੇ ਮੈਚ ਦੀ ਆਖਰੀ ਗੇਂਦ 'ਤੇ ਪੂਰਾ ਕੀਤਾ।

ਟੀਚੇ ਦਾ ਪਿੱਛਾ ਕਰਦਿਆਂ ਭਾਰਤ ਦੀ ਸ਼ੁਰੂਆਤ ਵਧੀਆ ਨਹੀਂ ਰਹੀ ਅਤੇ ਸਲਾਮੀ ਬੱਲੇਬਾਜ਼ ਕੇ ਐੱਲ ਰਾਹੁਲ ਤੇ ਰੋਹਿਤ ਸ਼ਰਮਾ 4-4 ਦੌੜਾਂ ਬਣਾ ਕੇ ਆਊਟ ਹੋ ਗਏ। ਸੂਰਿਆ ਕੁਮਾਰ ਯਾਦਵ ਅਤੇ ਅਕਸ਼ਰ ਪਟੇਲ ਵੀ ਕੁਝ ਖਾਸ ਨਾ ਕਰ ਸਕੇ, ਪਰ ਵਿਰਾਟ ਕੋਹਲੀ ਅਤੇ ਹਾਰਦਿਕ ਪਾਂਡਿਆ ਨੇ ਸ਼ਾਨਦਾਰ ਪਾਰੀਆਂ ਖੇਡਦਿਆਂ ਭਾਰਤੀ ਟੀਮ ਨੂੰ ਜਿੱਤ ਤੱਕ ਪਹੁੰਚਾਇਆ। ਵਿਰਾਟ ਕੋਹਲੀ ਨੇ 53 ਗੇਂਦਾਂ 'ਤੇ 82 ਦੌੜਾਂ ਦੀ ਨਾਬਾਦ ਪਾਰੀ ਖੇਡੀ। ਉਸ ਨੇ 6 ਚੌਕੇ ਅਤੇ 4 ਛੱਕੇ ਮਾਰੇ। ਪਾਂਡਿਆ ਨੇ 40 ਦੌੜਾਂ ਦਾ ਯੋਗਦਾਨ ਪਾਇਆ। ਭਾਰਤੀ ਟੀਮ ਨੇ 6 ਵਿਕਟਾਂ ਗੁਆ ਕੇ 160 ਦੌੜਾਂ ਬਣਾਉਂਦਿਆਂ ਜਿੱਤ ਹਾਸਲ ਕੀਤੀ। ਪਾਕਿਸਤਾਨ ਵੱਲੋਂ ਹੈਰਿਸ ਰਾਊਫ ਅਤੇ ਮੁਹੰਮਦ ਨਵਾਜ਼ ਨੇ ਦੋ-ਦੋ ਵਿਕਟਾਂ ਲਈਆਂ। ਸ਼ਾਨਦਾਰ ਪ੍ਰਦਰਸ਼ਨ ਲਈ ਵਿਰਾਟ ਕੋਹਲੀ ਨੂੰ 'ਮੈਨ ਆਫ ਦਿ ਮੈਚ' ਚੁਣਿਆ ਗਿਆ। ਭਾਰਤੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਪਾਕਿਸਤਾਨ ਦੀ ਟੀਮ ਨੇ 20 ਓਵਰਾਂ 'ਚ 8 ਵਿਕਟਾਂ ਗੁਆ ਕੇ 159 ਦੌੜਾਂ ਬਣਾਈਆਂ। ਪਾਕਿਸਤਾਨ ਦਾ ਆਊਟ ਹੋਣ ਵਾਲਾ ਪਹਿਲਾ ਬੱਲੇਬਾਜ਼ ਬਾਬਰ ਆਜ਼ਮ ਸੀ, ਜਿਸ ਨੂੰ ਅਰਸ਼ਦੀਪ ਸਿੰਘ ਨੇ ਆਊਟ ਕੀਤਾ। ਇਫਤਿਖਾਰ ਅਹਿਮਦ ਨੇ 51 ਦੌੜਾਂ ਅਤੇ ਸ਼ਾਨ ਮਸੂਦ ਨੇ 52 ਦੌੜਾਂ ਦੀ ਪਾਰੀ ਖੇਡਦਿਆਂ ਟੀਮ ਦਾ ਸਕੋਰ 159 ਦੌੜਾਂ ਤੱਕ ਪਹੁੰਚਾਉਣ 'ਚ ਮਦਦ ਕੀਤੀ। ਭਾਰਤ ਵੱਲੋਂ ਅਰਸ਼ਦੀਪ ਸਿੰਘ ਅਤੇ ਹਾਰਦਿਕ ਪਾਂਡਿਆ ਨੇ 3-3 ਵਿਕਟਾਂ ਲਈਆਂ, ਜਦਕਿ ਮੁਹੰਮਦ ਸੰਮੀ ਤੇ ਭੁਵਨੇਸ਼ਵਰ ਕੁਮਾਰ ਨੂੰ ਇੱਕ-ਇੱਕ ਵਿਕਟ ਮਿਲੀ।

# ਸ਼ੀ ਜਿਨਪਿੰਗ ਹੋਰ ਤਾਕਤਵਰ



**ਬੀਜਿੰਗ :** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਐਤਵਾਰ ਰਿਕਾਰਡ ਤੀਜੀ ਵਾਰ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀ ਪੀ ਸੀ) ਦਾ ਜਨਰਲ ਸਕੱਤਰ ਚੁਣਿਆ ਗਿਆ। ਉਨ੍ਹਾ ਦਾ ਕਾਰਜਕਾਲ ਪੰਜ ਸਾਲਾਂ ਦਾ ਹੋਵੇਗਾ। ਪਾਰਟੀ ਦੇ ਬਾਨੀ ਮਾਓ ਜ਼ੇ-ਤੁੰਗ ਤੋਂ ਬਾਅਦ ਉਹ ਤੀਜੀ ਵਾਰ ਇਸ ਅਹੁਦੇ ਲਈ ਚੁਣੇ ਜਾਣ ਵਾਲੇ ਪਹਿਲੇ ਚੀਨੀ ਨੇਤਾ ਹਨ। ਜਿਨਪਿੰਗ (69) ਨੂੰ ਇੱਕ ਦਿਨ ਪਹਿਲਾਂ ਸੀ ਪੀ ਸੀ ਦੀ ਜਨਰਲ ਕਾਨਫਰੰਸ (ਕਾਂਗਰਸ) 'ਚ ਸ਼ਕਤੀਸ਼ਾਲੀ ਕੇਂਦਰੀ ਕਮੇਟੀ ਲਈ ਚੁਣਿਆ ਗਿਆ ਸੀ, ਭਾਵੇਂ ਕਿ ਉਹ 68 ਸਾਲ ਦੀ ਅਧਿਕਾਰਤ ਸੇਵਾਮੁਕਤੀ ਦੀ ਉਮਰ ਨੂੰ ਪਾਰ ਕਰ ਚੁੱਕੇ ਹਨ ਅਤੇ ਉਨ੍ਹਾ ਦਾ 10 ਸਾਲਾਂ ਦਾ ਕਾਰਜਕਾਲ ਖਤਮ ਹੋ ਗਿਆ ਹੈ। ਪਾਰਟੀ ਦੇ ਨੰਬਰ ਦੋ ਨੇਤਾ ਅਤੇ ਪ੍ਰਧਾਨ ਮੰਤਰੀ ਲੀ ਕਿੰਗ ਸਮੇਤ ਜ਼ਿਆਦਾਤਰ ਸੀਨੀਅਰ ਨੇਤਾ ਜਾਂ ਤਾਂ ਸੇਵਾਮੁਕਤ ਹੋ ਗਏ ਹਨ ਜਾਂ ਕੇਂਦਰੀ ਕਮੇਟੀ ਵਿਚ ਜਗ੍ਹਾ ਬਣਾਉਣ ਵਿਚ ਅਸਮਰੱਥ ਰਹੇ ਹਨ, ਜਿਸ ਨਾਲ ਚੀਨੀ ਰਾਜਨੀਤੀ ਅਤੇ ਸਰਕਾਰ ਵਿਚ ਵੱਡੀ ਉਥਲ-ਪੁਥਲ ਹੋਈ ਹੈ। ਪੰਜ ਸਾਲਾਂ 'ਚ ਇੱਕ ਵਾਰ ਹੋਣ ਵਾਲੀ ਜਨਰਲ ਕਾਨਫਰੰਸ 'ਚ 25 ਮੈਂਬਰੀ 'ਪੋਲਿਟੀਕਲ ਬਿਊਰੋ' ਦੀ ਚੋਣ ਹੋਈ, ਜਿਸ ਨੇ ਦੇਸ਼ ਦਾ ਰਾਜ ਚਲਾਉਣ ਲਈ ਸਥਾਈ ਕਮੇਟੀ ਮੈਂਬਰਾਂ ਦੀ ਚੋਣ ਕੀਤੀ। ਜਨਰਲ ਸਕੱਤਰ ਚੁਣੇ ਜਾਣ ਤੋਂ ਤੁਰੰਤ ਬਾਅਦ ਜਿਨਪਿੰਗ ਨਵੀਂ ਚੁਣੀ ਗਈ ਸਟੈਂਡਿੰਗ ਕਮੇਟੀ ਦੇ ਨਾਲ ਇੱਥੇ ਮੀਡੀਆ ਨੂੰ ਮੁਖਾਤਬ ਵੀ ਹੋਏ।

ਜਿਨਪਿੰਗ ਨੇ ਚੋਣ ਤੋਂ ਬਾਅਦ ਕਿਹਾ- ਦੁਨੀਆ ਦੇ ਬਿਨਾਂ ਚੀਨ ਦਾ ਵਿਕਾਸ ਨਹੀਂ ਹੋ ਸਕਦਾ ਤੇ ਦੁਨੀਆ ਨੂੰ ਵੀ ਚੀਨ ਦੀ ਲੋੜ ਹੈ। ਚਾਲੀ ਸਾਲਾਂ ਦੇ ਅਣਥਕ ਜਤਨਾਂ ਦੇ ਬਾਅਦ ਸਾਡੀ ਆਰਥਕਤਾ ਤੇਜ਼ੀ ਨਾਲ ਵਧੀ ਹੈ ਤੇ ਦੇਸ਼ ਵਿਚ ਸਮਾਜੀ ਸਥਿਰਤਾ ਵੀ ਆਈ ਹੈ। ਅਗਲੇ ਪੰਜ ਸਾਲਾਂ ਲਈ ਅਸੀਂ ਠੋਸ ਰਣਨੀਤੀ ਤਿਆਰ ਕੀਤੀ ਹੈ।

ਜਿਨਪਿੰਗ ਨੇ ਇਸ ਦੌਰਾਨ ਆਪਣੀ ਨਵੀਂ ਟੀਮ ਦਾ ਐਲਾਨ ਵੀ ਕੀਤਾ। ਉਨ੍ਹਾ ਸਾਰੇ ਵਿਰੋਧੀਆਂ ਨੂੰ ਹਟਾਉਂਦੇ ਹੋਏ ਆਪਣੇ ਭਰੋਸੇਮੰਦ ਲੋਕਾਂ ਨੂੰ ਐਂਟਰੀ ਦਿੱਤੀ ਹੈ, ਪਰ ਕਿਸੇ ਵੀ ਮਹਿਲਾ ਨੂੰ ਥਾਂ ਨਹੀਂ ਦਿੱਤੀ। 25 ਸਾਲਾਂ ਵਿਚ ਪਹਿਲੀ ਵਾਰ ਪੋਲਿਟ ਬਿਊਰੋ ਵਿਚ ਕੋਈ ਮਹਿਲਾ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਸੁਨ ਚੁਨਲਾਨ ਇੱਕੋ-ਇੱਕ ਮੈਂਬਰ ਸੀ, ਜਿਹੜੀ ਰਿਟਾਇਰ ਹੋ ਗਈ ਹੈ। ਲੀ ਕਿਯਾਂਗ ਨੂੰ ਨਵਾਂ ਪ੍ਰਧਾਨ ਮੰਤਰੀ ਬਣਾਇਆ ਗਿਆ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਜਿਨਪਿੰਗ ਨੂੰ ਵਧਾਈ ਦਿੱਤੀ ਹੈ।

## ਭਾਰਤੀ ਕੰਪਨੀਆਂ ਨੇ ਅਮਰੀਕਾ 'ਚੋਂ ਦਵਾਈਆਂ ਵਾਪਸ ਮੰਗਵਾਈਆਂ

**ਨਵੀਂ ਦਿੱਲੀ :** ਡਾ. ਰੈੱਡੀਜ਼ ਲੈਬਾਰਟਰੀਜ਼, ਸਿਪਲਾ ਅਤੇ ਅਰਬਿੰਦੋ ਫਾਰਮਾ ਵਰਗੀਆਂ ਪ੍ਰਮੁੱਖ ਫਾਰਮਾਸਿਊਟੀਕਲ ਕੰਪਨੀਆਂ ਨੇ ਕੁਝ ਸਮੱਸਿਆਵਾਂ ਕਾਰਨ ਅਮਰੀਕੀ ਬਾਜ਼ਾਰ ਤੋਂ ਆਪਣੇ ਵੱਖ-ਵੱਖ ਉਤਪਾਦਾਂ ਨੂੰ ਵਾਪਸ ਮੰਗਵਾਉਣ ਦਾ ਫੈਸਲਾ ਕੀਤਾ ਹੈ। ਯੂਐੱਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੀ ਇੱਕ ਐਨਫੋਰਸਮੈਂਟ ਰਿਪੋਰਟ ਦੇ ਅਨੁਸਾਰ ਡਾਕਟਰ ਰੈੱਡੀਜ਼ ਲੈਬਾਰਟਰੀਜ਼ ਦੀ ਅਮਰੀਕੀ ਯੂਨਿਟ ਨੇ 'ਵਿਟਾਮਿਨ-ਕੇ' ਦੀ ਕਮੀ ਵਾਲੇ ਫਾਈਟੋਨੋਡੀਓਨ ਦੀਆਂ 2,838 ਸ਼ੀਸ਼ੀਆਂ ਵਾਪਸ ਮੰਗਵਾਈਆਂ ਹਨ। ਡਾ. ਰੈੱਡੀਜ਼ ਲੈਬਾਰਟਰੀਜ਼ ਅਸਫਲ ਸਥਿਰਤਾ ਨਿਰਦੇਸ਼ਾਂ ਕਾਰਨ ਆਪਣੇ ਉਤਪਾਦ ਵਾਪਸ ਮੰਗਵਾ ਰਹੀ ਹੈ। ਸਿਪਲਾ ਦੀ ਅਮਰੀਕੀ ਕੰਪਨੀ ਆਰਮ ਆਰਫਰਮੋਟੇਰੋਲ ਟਾਰਟਰੇਟ ਇਨਹੇਲੇਸਨ ਸੋਲਿਊਸ਼ਨ ਦੇ 9,041 ਡੱਬੇ ਵਾਪਸ ਮੰਗਵਾ ਰਹੀ ਹੈ। ਹੈਦਰਾਬਾਦ ਸਥਿਤ ਔਰੋਬਿੰਦੋ ਫਾਰਮਾ ਦੀ ਇਕਾਈ ਔਰੋਮੈਡਿਕ ਫਾਰਮਾ ਐੱਲ ਐੱਲ ਸੀ 'ਟਰੇਨੈਕਸਾਮਿਕ ਐਸਿਡ ਇੰਜੈਕਸ਼ਨ' ਦੀਆਂ 88,080 ਸ਼ੀਸ਼ੀਆਂ ਵਾਪਸ ਮੰਗਵਾ ਰਹੀ ਹੈ।

## ਸੂਨਕ ਯੂ ਕੇ ਪ੍ਰਧਾਨ ਮੰਤਰੀ ਬਣਨ ਲਈ ਮੁੜ ਮੈਦਾਨ 'ਚ

**ਲੰਡਨ :** ਭਾਰਤੀ ਮੂਲ ਦੇ ਸਾਬਕਾ ਚਾਂਸਲਰ ਰਿਸ਼ੀ ਸੂਨਕ ਨੇ ਐਤਵਾਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦੌੜ 'ਚ ਸ਼ਾਮਲ ਹੋਣ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਅਤੇ ਕਿਹਾ ਕਿ ਉਹ ਦੇਸ਼ ਦੀ ਅਰਥ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਕੰਮ ਕਰਨਾ ਚਾਹੁੰਦੇ ਹਨ। ਰਿਸ਼ੀ ਸੂਨਕ ਨੇ ਕਿਹਾ ਕਿ ਉਹ ਲਿਜ਼ ਟਰੱਸ ਦੀ ਜਗ੍ਹਾ ਪ੍ਰਧਾਨ ਮੰਤਰੀ ਵਜੋਂ ਉਮੀਦਵਾਰ ਖੜ੍ਹੇ ਹੋ ਰਹੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਬੋਰਿਸ ਜੌਹਨਸਨ ਦੀ ਜਗ੍ਹਾ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦੀ ਚੋਣ 'ਚ ਸਤੰਬਰ ਮਹੀਨੇ ਸੂਨਕ ਨੂੰ ਲਿਜ਼ ਟਰੱਸ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

## ਸੋਨੀਆ ਦੀ ਅਗਵਾਈ ਵਾਲੀਆਂ ਦੋ ਸੰਸਥਾਵਾਂ ਦੇ ਲਾਇਸੈਂਸ ਰੱਦ

**ਨਵੀਂ ਦਿੱਲੀ :** ਕੇਂਦਰ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਅਗਵਾਈ ਵਾਲੇ ਦੋ ਗੈਰ-ਸਰਕਾਰੀ ਸੰਗਠਨਾਂ ਰਾਜੀਵ ਗਾਂਧੀ ਫਾਊਂਡੇਸ਼ਨ ਅਤੇ ਰਾਜੀਵ ਗਾਂਧੀ ਚੈਰੀਟੇਬਲ ਟਰੱਸਟ ਦਾ 'ਵਿਦੇਸ਼ ਯੋਗਦਾਨ ਰੈਗੂਲੇਟਰ ਕਾਨੂੰਨ ਲਾਇਸੈਂਸ' ਕਾਨੂੰਨ ਦੀ ਉਲੰਘਣਾ ਦੇ ਦੋਸ਼ ਹੇਠ ਰੱਦ ਕਰ ਦਿੱਤਾ ਹੈ।

ਗ੍ਰਹਿ ਮੰਤਰਾਲੇ ਵੱਲੋਂ 2020 'ਚ ਕਾਇਮ ਇੱਕ ਅੰਤਰ-ਮੰਤਰਾਲਾ ਕਮੇਟੀ ਦੀ ਜਾਂਚ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਜਾਂਚਕਰਤਾਵਾਂ ਨੇ ਚੀਨ ਸਣੇ ਵਿਦੇਸ਼ਾਂ ਤੋਂ ਧਨ ਪ੍ਰਾਪਤ ਕਰਦੇ ਸਮੇਂ ਮਨੀ ਲਾਂਡਰਿੰਗ, ਫੰਡ ਦੀ ਦੁਰਵਰਤੋਂ ਅਤੇ ਆਮਦਨ ਕਰ ਰਿਟਰਨ ਭਰਨ ਸਮੇਂ ਦਸਤਾਵੇਜ਼ਾਂ 'ਚ ਹੇਰਾਫੇਰੀ ਦੀ ਦੋਸ਼ਾਂ ਦੀ ਜਾਂਚ ਕੀਤੀ। ਇਨ੍ਹਾਂ ਤੋਂ ਇਲਾਵਾ 'ਇੰਦਰਾ ਗਾਂਧੀ ਮੈਮੋਰੀਅਲ ਟਰੱਸਟ' ਵੀ ਜਾਂਚ ਦੇ ਘੇਰੇ 'ਚ ਆਇਆ ਸੀ। ਫਿਲਹਾਲ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

## ਅੱਜ-ਨਾਮਾ

ਜਦੋਂ ਵੀ ਵਕਤ ਆਵੇ ਖੁਸ਼ੀ-ਖੇੜਿਆਂ ਦਾ,
ਚੜ੍ਹਨਾ ਚਾਅ ਸੁਭਾਵਕ ਜਿਹੀ ਗੱਲ ਬੇਲੀ।
ਮਿਲਣ ਤੁਸਾਂ ਨੂੰ ਆਵਣਗੇ ਯਾਰ-ਮਿੱਤਰ,
ਜਾਵਣਾ ਤੁਸੀਂ ਹੈ ਕਈਆਂ ਦੇ ਵੱਲ ਬੇਲੀ।
ਖਾਣਾ ਏ ਮਿੱਠਾ ਤਾਂ 'ਪੀਣ' ਵੀ ਹੋ ਸਕਦੈ,
ਕਹਿਣੀ ਮੂਲ ਨਾ ਗਲਤ ਕੁਝ ਗੱਲ ਬੇਲੀ।
ਵਰਤਿਉ ਸੰਭਲ ਕੇ ਜ਼ਰਾ ਜ਼ਬਾਨ ਮਿੱਤਰ,
ਕਹਿੰਦਾ ਕੋਈ ਤਾਂ ਲੈਣੀ ਉਹ ਝੱਲ ਬੇਲੀ।
ਮਾੜਾ ਅਨਸਰ ਜੇ ਦਿੱਸ ਜਾਏ ਰਾਹ ਜਾਂਦਾ,
ਉਹਨੂੰ ਵਿੰਹਦਿਆਂ ਛੱਡ ਜਾਓ ਰਾਹ ਬੇਲੀ।
ਮੌਕਾ ਖੁਸ਼ੀ ਦਾ ਰਹਿਣ ਦਿਉ ਖੁਸ਼ੀ ਵਾਲਾ,
ਇਹਨੂੰ ਲੱਗਣ ਨਹੀਂ ਦੇਣੀ ਹੈ ਢਾਹ ਬੇਲੀ।

**-ਤੀਸ ਮਾਰ ਖਾਂ**

## ਦੁਕਾਨਦਾਰ ਦੇ ਕਤਲ 'ਚ ਦੋ ਸ਼ੂਟਰਾਂ ਸਮੇਤ 4 ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਪੁਲਸ ਨੇ ਤਰਨ ਤਾਰਨ ਦੇ ਇੱਕ ਦੁਕਾਨਦਾਰ ਗੁਰਜੰਟ ਸਿੰਘ ਦੇ ਕਤਲ ਦੇ ਦੋਸ਼ ਵਿੱਚ ਦੋ ਸ਼ੂਟਰਾਂ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਐਤਵਾਰ ਦੱਸਿਆ ਕਿ ਗੁਰਜੰਟ ਸਿੰਘ ਦੀ ਬੀਤੀ 11 ਅਕਤੂਬਰ ਨੂੰ ਉਸ ਦੀ ਦੁਕਾਨ 'ਤੇ ਦੋ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਕੈਨੇਡਾ ਸਥਿਤ ਅੱਤਵਾਦੀ ਲਖਬੀਰ ਸਿੰਘ ਉਰਫ ਲੰਡਾ ਅਤੇ ਯੂਰਪ ਅਧਾਰਤ ਅੱਤਵਾਦੀ ਸਤਪਾਲ ਸਿੰਘ ਉਰਫ ਸੱਤਾ ਦੇ ਨਜ਼ਦੀਕੀ ਸਾਥੀ ਹਨ, ਜੋ ਅੱਗੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਪਾਕਿਸਤਾਨ ਸਥਿਤ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਨਾਲ ਸੰਬੰਧਤ ਹਨ।

● ਬਾਕੀ ਸਫ਼ਾ 6 'ਤੇ




24-OCT-PAGE-3.qxd 10/23/2022 9:33 PM Page 2



# ਮਨਾਂ ਨੂੰ ਰੋਸ਼ਨ ਕਰਨ ਦਾ ਅਹਿਦ ਕਰੀਏ





ਗੁਰਚਰਨ ਸਿੰਘ ਨੂਰਪੁਰ

ਦੀਵਾ, ਸਦੀਆਂ ਤੋਂ ਮਨੁੱਖ ਦਾ ਓਟ-ਆਸਰਾ ਰਿਹਾ ਹੈ। ਭਾਰਤੀ ਸੱਭਿਆਚਾਰ ਅਤੇ ਧਰਮਾਂ ਵਿੱਚ ਦੀਵੇ ਦਾ ਬੜਾ ਸਤਿਕਾਰ ਹੈ। ਦੀਵੇ ਚਾਨਣ ਦਾ ਪ੍ਰਤੀਕ ਹਨ। ਪੁਰਾਣੇ ਸਮੇਂ ਦੌਰਾਨ ਕਾਲੀਆਂ ਹਨੇਰੀਆਂ ਰਾਤਾਂ ਦੇ ਭਟਕੇ ਰਾਹੀ ਦੂਰ ਬਲਦੇ ਦੀਵੇ ਨੂੰ ਵੇਖ ਕੇ ਆਸ਼ਾ ਦੀ ਕਿਰਨ ਲੈ ਕੇ ਉਹਦੇ ਵੱਲ ਰੁਖ ਕਰ ਲੈਂਦੇ ਸਨ। ਸਮਝਿਆ ਜਾਂਦਾ ਸੀ ਕਿ ਜਿੱਥੇ ਦੀਵਾ ਬਲ ਰਿਹਾ ਹੈ, ਉੱਥੇ ਸ਼ਾਇਦ ਜ਼ਰੂਰ ਕੋਈ ਓਟ-ਆਸਰਾ ਮਿਲ ਜਾਵੇਗਾ। ਦੀਵੇ ਹਮੇਸ਼ਾ ਸਾਡੇ ਰਾਹ-ਦਸੇਰੇ ਰਹੇ ਹਨ। ਦੀਵੇ ਦੀ ਰੌਸ਼ਨੀ ਹਨੇਰਿਆਂ ਖਿਲਾਫ ਬਲਣ ਦੇ ਸੰਕਲਪ ਦੀ ਪ੍ਰਤੀਕ ਹੈ। ਦੀਵਾਲੀ ਆਤਿਸ਼ਬਾਜੀ ਅਤੇ ਪਟਾਕਿਆਂ ਦਾ ਤਿਉਹਾਰ ਨਹੀਂ, ਬਲਕਿ ਦੀਵਿਆਂ ਦਾ ਤਿਉਹਾਰ ਹੈ। ਹਿੰਦੂ ਧਰਮ ਵਿੱਚ ਦੀਵਾਲੀ ਸ੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਵਾਪਸ ਪਰਤਣ ਦੀ ਖੁਸ਼ੀ ਵਿੱਚ ਮਨਾਈ ਜਾਂਦੀ ਹੈ ਅਤੇ ਸਿੱਖ ਧਰਮ ਵਿੱਚ ਦੀਵਾਲੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਬਾਈਧਾਰ ਦੇ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋਣ ਉਪਰੰਤ ਅੰਮ੍ਰਿਤਸਰ ਸਾਹਿਬ ਪਹੁੰਚਣ ਕਰਕੇ ਮਨਾਈ ਜਾਂਦੀ ਹੈ।

ਦੀਵਾਲੀ ਦਾ ਸਬੰਧ ਜਿੱਥੇ ਇਹਨਾਂ ਦੋ ਵੱਡੀਆਂ ਘਟਨਾਵਾਂ ਨਾਲ ਜੁੜਦਾ ਹੈ, ਉੱਥੇ ਉੱਤਰੀ ਭਾਰਤ ਵਿੱਚ ਮਨਾਏ ਜਾਣ ਵਾਲੇ ਬਹੁਤ ਸਾਰੇ ਤਿਉਹਾਰਾਂ ਦਾ ਸੰਬੰਧ ਉੱਤਰੀ ਭਾਰਤੀ ਰੁੱਤ ਚੱਕਰ ਨਾਲ ਵੀ ਹੈ। ਕੱਤਕ ਦੀ ਮੱਸਿਆ ਨੂੰ ਉੱਤਰ ਭਾਰਤ ਵਿੱਚ ਸਰਦ ਰੁੱਤ ਦੀ ਸ਼ੁਰੂਆਤ ਹੁੰਦੀ ਹੈ। ਸਰਦ ਰੁੱਤ ਨੂੰ ਧਿਆਨ ਵਿੱਚ ਰੱਖਦਿਆਂ ਇਹਨਾਂ ਦਿਨਾਂ ਦੌਰਾਨ ਘਰਾਂ ਦੀ ਸਫਾਈ ਕੀਤੀ ਜਾਂਦੀ ਹੈ। ਲੋਕ ਵਿਸ਼ਵਾਸ ਅਨੁਸਾਰ ਸਦੀਆਂ ਤੋਂ ਸਿਆਲ ਦੀਆਂ ਲੰਮੀਆਂ ਕੱਕਰ ਭਰੀਆਂ ਹਨੇਰੀਆਂ ਰਾਤਾਂ ਸੁਖਸਾਂਦ ਨਾਲ ਲੰਘਣ, ਇਸ ਲਈ ਸਰਦ ਰੁੱਤ ਦੇ ਆਗਮਨ 'ਤੇ ਦੀਵੇ ਦੀ ਪੂਜਾ ਕਰਨੀ ਜ਼ਰੂਰੀ ਸਮਝੀ ਜਾਂਦੀ ਸੀ। ਇਸ ਦਿਨ ਭਾਰਤੀ ਲੋਕ ਖਾਸ ਕਰਕੇ ਵਪਾਰੀ ਅਤੇ ਦੁਕਾਨਦਾਰ ਇਸ ਦਿਨ ਲਕਸ਼ਮੀ ਦੇਵੀ (ਧਨ ਦੀ ਦੇਵੀ) ਦੀ ਪੂਜਾ ਕਰਦੇ ਆਏ ਹਨ।

ਦੀਵਾਲੀ ਪਟਾਕਿਆਂ ਅਤੇ ਆਤਿਸ਼ਬਾਜ਼ੀ ਦਾ ਤਿਉਹਾਰ ਨਹੀਂ ਹੈ, ਪਰ ਪਟਾਕੇ ਇਸ ਨਾਲ ਕਿਉਂ ਜੋੜ ਦਿੱਤੇ ਗਏ? ਲੱਗਭੱਗ ਚੌਦਵੀ ਸਦੀ ਵਿੱਚ ਬਰੂਦ ਦੀ ਖੋਜ ਹੋਈ, ਉਸ ਸਮੇਂ ਯੂਰਪ ਵਿੱਚ ਇਹਨਾਂ ਦਿਨਾਂ ਦੌਰਾਨ ਅੰਗਰੇਜ਼ ਆਪਣੀਆਂ ਫਸਲਾਂ ਨੂੰ ਅਵਾਰਾ ਡੰਗਰਾਂ ਅਤੇ ਪੰਛੀਆਂ ਤੋਂ ਬਚਾਉਣ ਲਈ ਪਟਾਕਿਆਂ ਦੀ ਵਰਤੋਂ ਕਰਦੇ ਸਨ। ਮਗਰੋਂ ਜੰਗਾਂ-ਯੁੱਧਾਂ ਵਿੱਚ ਸਿੱਧੇ ਰੂਪ ਵਿੱਚ ਤੋਪਾਂ ਵਿੱਚ ਬਰੂਦ ਭਰ ਕੇ ਚਲਾਇਆ ਜਾਣ ਲੱਗਿਆ। ਕੁਝ ਅਰਸਾ ਮਗਰੋਂ ਹੋਰ ਵੱਖ-ਵੱਖ ਤਰ੍ਹਾਂ ਦੇ ਜਸ਼ਨਾਂ ਦੌਰਾਨ ਵੀ ਆਤਿਸ਼ਬਾਜ਼ੀ ਕੀਤੀ ਜਾਣ ਲੱਗੀ। ਇਸੇ ਤਰ੍ਹਾਂ ਹੌਲੀ-ਹੌਲੀ ਸਮੇਂ ਦੇ ਬੀਤਣ ਨਾਲ ਜਸ਼ਨ ਮਨਾਉਣ ਲਈ ਦੀਵਾਲੀ ਨਾਲ ਵੀ ਪਟਾਕਿਆਂ ਦਾ ਸੰਬੰਧ ਜੋੜਦਾ ਗਿਆ। ਹੁਣ ਹਾਲਾਤ ਇਹ ਹਨ ਕਿ ਇਸ ਦਿਨ ਲੱਖਾਂ ਨਹੀਂ, ਬਲਕਿ ਕਰੋੜਾਂ ਰੁਪਏ ਦੀ ਅਤਿਸ਼ਬਾਜ਼ੀ ਚਲਾ ਕੇ ਹਵਾ ਵਿੱਚ ਜ਼ਹਿਰ ਘੋਲ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਸਾਡੇ ਧਾਰਮਕ ਅਸਥਾਨਾਂ 'ਤੇ ਵੀ ਅਤਿਸ਼ਬਾਜ਼ੀ ਚਲਾ ਕੇ ਹਵਾ ਨੂੰ ਪਲੀਤ ਕਰਨ ਦੀ ਕੋਈ ਕਸਰ ਨਹੀਂ ਛੱਡੀ ਜਾਂਦੀ। ਹੁਣ ਇਸ ਨੂੰ ਪ੍ਰਦੂਸ਼ਣ ਰਹਿਤ ਆਤਿਸ਼ਬਾਜ਼ੀ ਕਹਿ ਕੇ ਚਲਾਇਆ ਜਾਣ ਲੱਗਿਆ ਹੈ ਜਦਕਿ ਪ੍ਰਦੂਸ਼ਣ ਰਹਿਤ ਕੋਈ ਅਤਿਸ਼ਬਾਜ਼ੀ ਨਹੀਂ ਹੁੰਦੀ।

ਸਾਡੀ ਜ਼ਿੰਦਗੀ ਦੇ ਨਾਲ-ਨਾਲ ਸਾਡੇ ਤਿਉਹਾਰਾਂ 'ਤੇ ਵੀ ਬਜ਼ਾਰ ਦਾ ਗਲਬਾ ਤੇਜ਼ੀ ਨਾਲ ਵਧ ਰਿਹਾ ਹੈ। ਬਜ਼ਾਰ ਸਾਡੇ ਮਨਾਂ ਦੇ ਗੁਣਾਂਤਮਿਕ ਪੱਖ ਨੂੰ ਢਾਹ ਲਾ ਕੇ ਸਾਡੇ ਅੰਦਰ ਵਿਖਾਏ ਵੀ ਦੀ ਮਨੋਬਿਰਤੀ ਨੂੰ ਉਕਸਾਉਂਦਾ ਹੈ। ਤੇਜ਼ੀ ਨਾਲ ਬਦਲੀਆਂ ਪ੍ਰਸਥਿਤੀਆਂ ਨੇ ਜਿੱਥੇ ਸਮਾਜ ਦੇ ਹਰ ਪੱਖ ਨੂੰ ਪ੍ਰਭਾਵਤ ਕੀਤਾ ਹੈ, ਉੱਥੇ ਸਾਡਾ ਰਹਿਣ ਸਹਿਣ, ਰੀਤੀ ਰਿਵਾਜ, ਤਿਉਹਾਰਾਂ ਨੂੰ ਮਨਾਉਣ ਅਤੇ ਹੋਰ ਖੁਸ਼ੀਆਂ ਸਾਂਝੀਆਂ ਕਰਨ ਦੇ ਤੌਰ-ਤਰੀਕਿਆਂ ਵਿੱਚ ਵੱਡੇ ਬਦਲਾਅ ਆਏ ਹਨ। ਇਸ ਤੇਜ਼ੀ ਨਾਲ ਵਾਪਰ ਰਹੀ ਤਬਦੀਲੀ ਨਾਲ ਸਾਡਾ ਆਲਾ-ਦੁਆਲਾ ਵੀ ਬੇਹੱਦ ਪ੍ਰਭਾਵਤ ਹੋਇਆ ਹੈ, ਜਿਸ ਪ੍ਰਤੀ ਅੱਜ ਮਨੁੱਖ ਜਾਤੀ ਨੂੰ ਸ਼ਿੱਦਤ ਨਾਲ ਸੋਚਣ ਦੀ ਲੋੜ ਆਣ ਬਣੀ ਹੈ। ਦੂਜੇ ਪਾਸੇ ਸਾਡੀਆਂ 'ਆਪ-ਹੁਦਰੀਆਂ' ਅਤੇ ਵਿਖਾਵੇ ਦੀ ਮਨੋਬਿਰਤੀ ਦਾ ਕੋਈ ਪਾਰਾਵਾਰ ਨਹੀਂ। ਬੇਸ਼ੱਕ ਅਸੀਂ ਦੀਵਾਲੀ ਨੂੰ ਦੀਪਾਂਵਾਲੀ ਜਾਂ ਦੀਵਿਆਂ ਦਾ ਤਿਉਹਾਰ ਆਖਦੇ ਹਾਂ, ਪਰ ਇਸ ਦਿਨ ਨਾਲ ਕਈ ਅਜਿਹੀਆਂ ਭੈੜੀਆਂ ਰਸਮਾਂ ਵੀ ਜੋੜ ਲਈਆਂ, ਜਿਹਨਾਂ ਨਾਲ ਅਸੀਂ ਹਵਾ, ਪਾਣੀ, ਮਿੱਟੀ ਦੇ ਨੁਕਸਾਨ ਦੇ ਨਾਲ ਪੈਸੇ ਦੀ ਵੱਡੀ ਪੱਧਰ 'ਤੇ ਬਰਬਾਦੀ ਕਰਨ ਲੱਗ ਪਏ ਹਾਂ। ਦੀਵਾਲੀ ਹੀ ਨਹੀਂ, ਵਿਆਹਾਂ, ਗੁਰਪੂਰਬਾਂ, ਪ੍ਰਭਾਤ ਫੇਰੀਆਂ, ਜਗਰਾਤਿਆਂ ਅਤੇ ਹੋਰ ਤਿਉਹਾਰਾਂ ਦੇ ਜਸ਼ਨਾਂ 'ਤੇ ਫੋਕੀ ਵਿਖਾਵੇਬਾਜ਼ੀ ਦੇ ਨਾਲ ਆਤਿਸ਼ਬਾਜ਼ੀ ਚਲਾ ਕੇ ਪੈਸੇ ਦੀ ਬਰਬਾਦੀ ਦੇ ਨਾਲ-ਨਾਲ ਹਵਾ ਨੂੰ ਪਲੀਤ ਕਰਨਾ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਸਾਨੂੰ ਸਮਝਣ ਦੀ ਲੋੜ ਹੈ ਕਿ ਸੈਂਕੜੇ ਸਾਲ ਪਹਿਲਾਂ ਸ੍ਰੀ ਰਾਮ ਜੀ ਲੰਕਾ ਤੋਂ ਜਦੋਂ ਅਯੁੱਧਿਆ ਨੂੰ ਵਾਪਸ ਪਰਤੇ ਸਨ ਤਾਂ ਉਦੋਂ ਦੀਪਮਾਲਾ ਜ਼ਰੂਰ ਹੋਈ ਹੋਵੇਗੀ, ਪਰ ਕਿਸੇ ਨੇ ਪਟਾਕੇ ਨਹੀਂ ਚਲਾਏ ਸਨ। ਜਦੋਂ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ 'ਚੋਂ ਬਾਈਧਾਰ ਦੇ ਰਾਜਿਆਂ ਨਾਲ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚੇ ਤਾਂ ਉਸ ਸਮੇਂ ਵੀ ਦੀਵੇ ਜਗਾ ਕੇ ਦੀਪ ਮਾਲਾ ਕੀਤੀ ਗਈ, ਅਤਿਸ਼ਬਾਜ਼ੀ ਨਹੀਂ ਸੀ ਚਲਾਈ ਗਈ। ਸਾਡੀ ਧਰਤੀ ਮਾਤਾ ਜੋ ਲਗਾਤਾਰ ਵਧ ਰਹੇ ਤਾਪਮਾਨ ਨਾਲ ਗਰਮ ਹੋ ਰਹੀ ਹੈ, ਝੁਲਸ ਰਹੀ ਹੈ ਸਾਡੇ ਤੋਂ ਇਹ ਮੰਗ ਕਰਦੀ ਹੈ ਕਿ ਅਸੀਂ ਇਸ ਨੂੰ ਬਚਾਉਣ ਲਈ ਹਰ ਤਰਾਂ ਦੇ ਪ੍ਰਦੂਸ਼ਣ ਨੂੰ ਘੱਟ ਕਰੀਏ।

ਤਿਉਹਾਰ ਮੇਲੇ ਜਾਂ ਮੁਸਾਵੇ ਜੋ ਸਾਡੇ ਲਈ ਜਸ਼ਨ ਮਨਾਉਣ ਦਾ ਜ਼ਰੀਆ ਬਣਦੇ ਹਨ, ਰੁਝੇਵਿਆਂ, ਅਕੇਵਿਆਂ ਅਤੇ ਥਕੇਵਿਆਂ ਭਰੀ ਰੁਟੀਨ ਤੋਂ ਹਟ ਕੇ ਕੁਝ ਸਮਾਂ ਦੂਜਿਆਂ ਨਾਲ ਖੁਸ਼ੀ ਸਾਂਝੀ ਕਰਕੇ ਸਾਡੇ ਜੀਵਨ ਨੂੰ ਖੇੜਾ ਬਖਸ਼ਦੇ ਹਨ। ਇਹਨਾਂ ਜਸ਼ਨਾਂ ਨੂੰ ਮਨਾਉਂਦਿਆਂ ਜੇਕਰ ਹਵਾ, ਮਿੱਟੀ ਅਤੇ ਪਾਣੀ ਦੀ ਬਰਬਾਦੀ ਹੋਵੇ ਤਾਂ ਇਹ ਕਿੱਥੋਂ ਦੀ ਸਿਆਣਪ ਹੈ? ਦੀਵਾਲੀ ਦੇ ਦਿਨ ਏਨਾ ਜ਼ਿਆਦਾ ਪ੍ਰਦੂਸ਼ਣ ਹੋ ਜਾਂਦਾ ਹੈ ਹਵਾ ਕਿ ਵਿੱਚ ਸਾਹ ਲੈਣਾ ਵੀ ਮੁਸ਼ਕਲ ਹੋ ਜਾਂਦਾ ਹੈ। ਇਸੇ ਹਵਾ ਪਾਣੀ ਨੂੰ ਅਸੀਂ ਦੀਵਾਲੀ ਦੇ ਨੇੜਲੇ ਦਿਨਾਂ ਵਿੱਚ ਕੁਝ ਤਾਂ ਝੋਨੇ ਦੀ ਪਰਾਲੀ ਸਾੜ ਕੇ ਪਲੀਤ ਕਰ ਦਿੰਦੇ ਹਾਂ, ਬਾਕੀ ਦਿਵਾਲੀ ਵਾਲੇ ਦਿਨ ਕਰੋੜਾਂ ਰੁਪਏ ਦੇ ਪਟਾਕੇ ਚਲਾ ਕੇ ਹਜ਼ਾਰਾਂ ਟਨ ਜ਼ਹਿਰੀਲੀਆਂ ਗੈਸਾਂ ਹਵਾ ਵਿੱਚ ਛੱਡ ਕੇ ਮਨਾਏ ਜਸ਼ਨ ਸਾਡੇ ਲਈ ਅਜ਼ਾਬ ਬਣਨ ਲੱਗ ਪਏ ਹਨ। ਸਾਡਾ ਵਾਤਾਵਰਨ ਦਿਨੋਂ-ਦਿਨ ਗੰਦਾ ਹੋਈ ਜਾ ਰਿਹਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਤਰ੍ਹਾਂ ਦੀਆਂ ਰਸਮ ਨੂੰ ਤਿਆਗ ਦੇਈਏ। ਜਿੱਥੇ ਦਿਵਾਲੀ ਦੀ ਆਮਦ ਤੇ ਅਸੀਂ ਆਪਣੇ ਘਰਾਂ ਨੂੰ ਸੁਆਰਦੇ ਹਾਂ ਸਫੈਦੀਆਂ ਕਰਾਉਂਦੇ ਹਾਂ ਉੱਥੇ ਇਸ ਦਿਨ ਰਾਤ ਸਮੇਂ ਹਵਾ ਮਿੱਟੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਨਾ ਕਿੱਥੋਂ ਦੀ ਸਿਆਣਪ ਹੈ? ਸਾਡੇ ਘਰ ਵੀ ਤਾਂ ਹੀ ਸਾਫ ਰਹਿ ਸਕਦੇ ਹਨ ਜੇਕਰ ਬਾਹਰ ਸਾਡਾ ਆਲਾ ਦੁਆਲਾ (ਵਾਤਾਵਰਣ) ਵੀ ਸਾਫ ਹੋਵੇਗਾ। ਜਿੱਥੇ ਦੀਵਿਆਂ ਦਾ ਜਗਣਾ ਸਾਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰਦਾ ਹੈ- ਉੱਥੇ ਪਟਾਕੇ ਚਲਾਉਣ ਨਾਲ ਵੱਡੀ ਪੱਧਰ 'ਤੇ ਆਵਾਜ਼ ਪ੍ਰਦੂਸ਼ਣ ਹੁੰਦਾ ਹੈ ਅਤੇ ਆਲਾ-ਦੁਆਲਾ ਵੀ ਇਸ ਤੋਂ ਬੜੀ ਬੁਰੀ ਤਰ੍ਹਾਂ ਇਸ ਤੋਂ ਪ੍ਰਭਾਵਤ ਹੁੰਦਾ ਹੈ। ਮਾਨਸਕ ਰੋਗੀਆਂ ਅਤੇ ਸਾਹ, ਦਮੇਂ, ਟੀ ਬੀ ਦੇ ਮਰੀਜ਼ਾਂ ਲਈ ਆਤਿਸ਼ਬਾਜ਼ੀ ਦਾ ਧੂੰਆਂ ਬੜੀ ਖਤਰਨਾਕ ਸਥਿਤੀ ਪੈਦਾ ਕਰ ਦਿੰਦਾ ਹੈ। ਧਾਰਮਕ ਅਸਥਾਨਾਂ ਅਤੇ ਧਾਰਮਿਕ ਸਮਾਗਮਾਂ 'ਤੇ ਆਤਿਸ਼ਬਾਜ਼ੀ ਚਲਾਉਣੀ ਬੰਦ ਹੀ ਨਹੀਂ ਹੋਣੀ ਚਾਹੀਦੀ, ਸਗੋਂ ਸਾਡੇ ਧਾਰਮਕ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਕੁਰੀਤੀਆਂ ਖਿਲਾਫ ਲੋਕਾਂ ਨੂੰ ਸੁਚੇਤ ਕਰਨ।

ਦੀਵਿਆਂ ਦੀ ਥਾਂ ਪਹਿਲਾਂ ਮੋਮਬੱਤੀਆਂ ਅਤੇ ਅੱਜ ਬਿਜਲੀ ਨਾਲ ਚੱਲਣ ਵਾਲੀਆਂ ਲੜੀਆਂ ਨੇ ਲੈ ਲਈ ਹੈ। ਬਿਜਲੀ ਦੀ ਲੜੀ ਨੂੰ ਬਨੇਰੇ ਤੇ ਲਟਕਾਓ ਬਟਨ ਨੱਪੋ ਤੇ ਰੋਸ਼ਨੀ ਸ਼ੁਰੂ, ਪਰ ਦੀਵਿਆਂ ਦੇ ਮਾਮਲੇ ਵਿੱਚ ਏਦਾਂ ਨਹੀਂ ਸੀ ਹੁੰਦਾ। ਦੀਵਾਲੀ ਦੇ ਕੁਝ ਦਿਨ ਪਹਿਲਾਂ ਪਿੰਡਾਂ ਵਿੱਚ ਖੋਤਿਆਂ, ਖੱਚਰ ਰੇਹੜੀਆਂ 'ਤੇ ਦੀਵੇ ਵੇਚਣ ਵਾਲੇ ਆਉਂਦੇ। ਮੈਨੂੰ ਯਾਦ ਹੈ ਮੇਰੀ ਮਾਂ ਦਾਣਿਆਂ ਦੇ ਵੱਟੇ ਦੀਵੇ ਲੈ ਲੈਂਦੀ ਅਤੇ ਨਵੇਂ ਖਰੀਦੇ ਕੋਰੇ ਦੀਵੇ ਜ਼ਿਆਦਾ ਤੇਲ ਨਾ ਪੀਣ, ਇਸ ਲਈ ਕੁਝ ਸਮਾਂ ਉਹਨਾਂ ਨੂੰ ਪਾਣੀ ਵਿੱਚ ਡੁਬੋ ਦਿੱਤਾ ਜਾਂਦਾ ਸੀ। ਦੀਵਾਲੀ ਵਾਲੇ ਦਿਨ ਸਵੇਰੇ ਹੀ ਅਸੀਂ ਸਾਰੇ ਭੈਣ ਭਰਾ ਲੱਗ ਕੇ ਰੂੰ ਦੀਆਂ ਵੱਟੀਆਂ ਵੱਟਦੇ। ਰਾਤ ਨੂੰ ਘਰ ਵਿੱਚ ਦੀਵਿਆਂ ਵਿੱਚ ਸਰ੍ਹੋਂ ਦਾ ਤੇਲ ਪਾ ਕੇ ਬਨੇਰਿਆਂ 'ਤੇ ਕੀਤੀ ਦੀਪ ਮਾਲਾ ਨਾਲ ਬੜਾ ਦਿਲਕਸ਼ ਦ੍ਰਿਸ਼ ਸਿਰਜਿਆ ਜਾਂਦਾ। ਖੇਤਾਂ ਵਿੱਚ ਖੂਹਾਂ ਅਤੇ ਖੂਹਾਂ ਤੋਂ ਮਗਰੋਂ ਟਿਊਬਵੈੱਲਾਂ 'ਤੇ ਵੀ ਇੱਕ-ਇੱਕ ਦੀਵਾ ਜਗਾਇਆ ਜਾਂਦਾ। ਇਸ ਦਿਨ ਲੋਕ ਆਪਣੇ ਵੱਡੇ -ਵਡੇਰਿਆਂ ਨੂੰ ਵੀ ਯਾਦ ਕਰਦੇ ਹਨ ਅਤੇ ਉਹਨਾਂ ਦੀਆਂ ਯਾਦਗਾਰਾਂ 'ਤੇ ਵੀ ਦੀਵੇ ਜਗਾ ਕੇ ਰੱਖਦੇ ਹਨ। ਜਿਹੜੀਆਂ ਹੋਰ ਥਾਵਾਂ ਨਾਲ ਸਾਡਾ ਸੰਬੰਧ ਜੁੜਦਾ ਹੈ ਦੀਵਾਲੀ ਵਾਲੇ ਦਿਨ ਉੱਥੇ ਵੀ ਇੱਕ-ਇੱਕ ਦੀਵਾ ਜਗਾ ਕੇ ਧਰਿਆ ਜਾਂਦਾ। ਦੀਵਾਲੀ ਵਾਲੇ ਦਿਨ ਦੁਕਾਨਾਂ, ਵੱਡਿਆਂ ਵਡੇਰਿਆਂ ਦੀਆਂ ਯਾਦਗਾਰਾਂ, ਰੂੜੀਆਂ, ਖੇਤਾਂ ਆਦਿ ਵਿੱਚ ਦੀਵਾ ਜਗਾ ਕੇ ਰੱਖਣ ਨੂੰ ਪਵਿੱਤਰ ਸਮਝਿਆ ਜਾਂਦਾ ਹੈ। ਗੁਰੂ ਹਰਗੋਬਿੰਦ ਸਾਹਿਬ ਦਾ ਗਵਾਲੀਅਰ ਦੇ ਕਿਲੇ ਚੋ ਰਿਹਾਅ ਹੋ ਕੇ ਆਉਣ ਦੇ ਇਤਿਹਾਸਕ ਤੱਥ ਤੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਹਨੇਰਾ ਕਦੇ ਬਾਹਲਾ ਚਿਰ ਆਪਣਾ ਗਲਬਾ ਕਾਇਮ ਨਹੀਂ ਰੱਖ ਸਕਦਾ। ਕਾਲੀ ਰਾਤ ਤੋਂ ਬਾਅਦ ਸਵੇਰ ਜ਼ਰੂਰ ਹੋਣੀ ਹੁੰਦੀ ਹੈ। ਦੀਵਿਆਂ ਦਾ ਤਿਉਹਾਰ ਦੀਵਾਲੀ ਅਗਿਆਨਤਾ ਨੂੰ ਦੂਰ ਕਰਕੇ ਮਨਾਂ ਅੰਦਰ ਗਿਆਨ ਦੇ ਦੀਪ ਜਗਾਉਣ ਦਾ ਸੁਨੇਹਾ ਹੈ। ਗਿਆਨ-ਵਿਗਿਆਨ ਦੇ ਇਸ ਯੁੱਗ ਵਿੱਚ ਵੀ ਅਗਿਆਨਤਾ, ਅੰਧ ਸ਼ਰਧਾ ਅਤੇ ਅੰਧ-ਵਿਸ਼ਵਾਸ਼ ਦਾ ਹਨੇਰ ਵਧ ਰਿਹਾ ਹੈ। ਹਰ ਤਰ੍ਹਾਂ ਦੀ ਹਨੇਰਗਰਦੀ ਖਿਲਾਫ ਅੱਜ ਵੀ ਸਾਨੂੰ ਬੋਲਣ, ਲਿਖਣ ਅਤੇ ਵਿਰੋਧ ਕਰਨ ਦੀ ਲੋੜ ਹੈ। ਜਿੱਥੇ ਦੁਨੀਆ ਭਰ ਦੇ ਕਲਮਕਾਰ, ਸਾਹਿਤਕਾਰ ਦੀਵਿਆਂ ਅਤੇ ਸ਼ਮ੍ਹਾਦਾਨਾਂ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿੱਚ ਬੜੇ ਆਦਰ ਨਾਲ ਕਰਦੇ ਆਏ ਹਨ, ਉੱਥੇ ਸਮਾਜ ਅੰਦਰ ਪਸਰੇ ਅਗਿਆਨਤਾ ਦੇ ਹਨੇਰ ਖਿਲਾਫ ਸਾਹਿਤਕਾਰਾਂ ਦੀਆਂ ਰਚਨਾਵਾਂ ਲੋਕ ਮਨਾਂ ਵਿੱਚ ਚਾਨਣ ਕਰਦੀਆਂ ਹਨ। ਸਮਾਜ ਵਿੱਚ ਅਗਿਆਨਤਾ ਦਾ ਅੰਧਕਾਰ ਵੀ ਭਾਵੇਂ ਹਰ ਯੁੱਗ ਵਿੱਚ ਰਿਹਾ ਹੈ, ਪਰ ਚਾਨਣ ਵੰਡਣ ਵਾਲੇ ਵੀ ਹਰ ਯੁੱਗ ਵਿੱਚ ਪੈਦਾ ਹੁੰਦੇ ਆਏ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਕਿਤੇ ਦੁਨੀਆਂ ਵਿੱਚ ਹਨੇਰਗਰਦੀ ਦਾ ਗਲਬਾ ਪਿਆ ਤਾਂ ਚਾਨਣ ਦੇ ਪ੍ਰਤੀਕ ਕੁਝ ਕੁ ਮੁੱਠੀ ਭਰ ਲੋਕਾਂ ਨੇ ਹਨੇਰੇ ਖਿਲਾਫ ਆਵਾਜ ਉਠਾਈ ਤੇ ਫਿਰ ਉਹਨਾਂ ਦੇ ਮਗਰ ਲੋਕਾਂ ਦੇ ਵੱਡੇ ਕਾਫਲੇ ਬਣੇ। ਸਾਨੂੰ ਚਾਹੀਦਾ ਹੈ ਕਿ ਦੀਵਾਲੀ ਦੇ ਦਿਨ ਬੱਚਿਆਂ ਨੂੰ ਪਟਾਕੇ ਨਾ ਖਰੀਦਣ ਲਈ ਪ੍ਰੇਰਤ ਕਰੀਏ। ਬੱਚਿਆਂ ਨੂੰ ਚੰਗੀਆਂ ਸਾਹਿਤਕ ਕਿਤਾਬਾਂ ਲੈ ਕੇ ਦੇਈਏ, ਜੇ ਹੋ ਸਕੇ ਤਾਂ ਇਸ ਦਿਨ ਆਪਣੇ ਘਰ ਇੱਕ ਨਿੱਕੀ ਜਿਹੀ ਲਾਇਬਰੇਰੀ ਬਣਾਉਣ ਦੀ ਸ਼ੁਰੂਆਤ ਕਰੋ। ਕੋਈ ਚੰਗਾ ਅਖਬਾਰ ਆਪਣੇ ਘਰ ਲਗਵਾਓ। ਘਰ ਨੂੰ ਸਾਰਾ ਸਾਲ ਮਹਿਕਾਉਣ ਲਈ ਕੁਝ ਗਮਲੇ ਕੁਝ ਬੂਟੇ ਲਿਆ ਕੇ ਘਰ ਵਿੱਚ ਲਾਓ। ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਚੰਗੀਆਂ ਕਿਤਾਬਾਂ ਤੋਹਫੇ ਵਜੋਂ ਦਿਓ। ਪਟਾਕਿਆਂ 'ਤੇ ਫਜ਼ੂਲ ਖਰਚ ਵਾਲੇ ਪੈਸਿਆਂ 'ਚੋਂ ਕੁਝ ਖਰਚ ਕੇ ਚੰਗੇ ਅਖਬਾਰ, ਮੈਗਜ਼ੀਨ ਆਪਣੇ ਘਰ ਲਈ ਲਗਵਾਓ। ਅਜਿਹਾ ਕਰਕੇ ਅਸੀਂ ਦੀਵਾਲੀ ਦੀ ਮਹੱਤਤਾ ਨੂੰ ਸਹੀ ਅਰਥਾਂ ਵਿੱਚ ਸਮਝ ਰਹੇ ਹੋਵਾਂਗੇ। ਅੱਜ ਵੀ ਸਮਾਜ ਨੂੰ ਵੱਡੀ ਪੱਧਰ 'ਤੇ ਨੂਰੋ-ਨੂਰ ਕਰਨ ਲਈ ਗਿਆਨ-ਵਿਗਿਆਨ ਦੇ ਦੀਪ ਬਾਲਣ ਦੀ ਲੋੜ ਹੈ। ਜਿੱਥੇ ਅੱਜ ਸਾਨੂੰ ਦੀਵਾਲੀ ਦੇ ਪਵਿੱਤਰ ਦਿਹਾੜੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੀ ਜ਼ਰੂਰ ਹੈ, ਉੱਥੇ ਸਾਨੂੰ ਅਗਿਆਨਤਾ ਖਿਲਾਫ ਲਟ-ਲਟ ਬਲਣ ਦਾ ਪ੍ਰਣ ਕਰਨ ਦੀ ਬੜੀ ਵੱਡੀ ਲੋੜ ਹੈ। ਆਓ, ਯਤਨਸ਼ੀਲ ਹੋਈਏ।

# ਸੰਪਰਕ : 98550-51099

## ਦੀਵਾਲੀ ਮਨਾਈਏ

ਪ੍ਰਦੂਸ਼ਣ ਮੁਕਤ ਦੀਵਾਲੀ ਮਨਾਈਏ।
ਦੇਸ ਆਪਣਾ ਖੁਸ਼ਹਾਲ ਬਣਾਈਏ।
ਬਿਮਾਰੀਆਂ ਪੈਦਾ ਕਰਦਾ ਧੂੰਆਂ,
ਬੰਬ ਪਟਾਕੇ ਘੱਟ ਚਲਾਈਏ।
ਆਓ, ਨਵੀਂਆਂ ਪਿਰਤਾਂ ਪਾਈਏ,
ਹਰ ਰੁੱਖ ਕੋਲ ਦੀਪ ਜਗਾਈਏ।
ਆਪਣੇ ਅੰਦਰਲਾ ਦੀਪ ਜਗਾ ਕੇ,
ਵੰਡੀਏ ਰੋਸ਼ਨੀ ਗਿਆਨ ਫੈਲਾਈਏ।
ਆਲੇ-ਦੁਆਲੇ ਰੱਖੀਏ ਸਫਾਈ,
ਕੂੜਾ ਸੁੱਟ ਕੇ ਗੰਦ ਨਾ ਪਾਈਏ।
ਭਾਂਤ-ਭਾਂਤ ਦੇ ਲਾਈਏ ਬੂਟੇ,
ਧਰਤੀ ਹਰੀ-ਭਰੀ ਬਣਾਈਏ।
ਹਰੀ ਦੀਵਾਲੀ ਮਨਾਈਏ ਸਾਰੇ,
ਵਾਤਾਵਰਨ ਨੂੰ ਸ਼ੁੱਧ ਬਣਾਈਏ।
'ਪਸਨਾਵਾਲੀਆ' ਵੰਡੀਏ ਖੁਸ਼ੀਆਂ,
ਘਰ-ਘਰ ਇਹ ਸੰਦੇਸ਼ ਪਹੁੰਚਾਈਏ।

ਸੁੱਚਾ ਸਿੰਘ ਪਸਨਾਵਾਲ,
ਮੋਬਾ: 99150-33740

## ਦੀਵਾਲੀਏ ਨੀ ਦੀਨ ਦੀਏ

ਦੀਵਾਲੀਏ ਨੀ ਦੀਨ ਦੀਏ, ਤੈਨੂੰ ਕੀ ਸਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਕਹਿੰਦੇ ਨੇ ਹਨੇਰਾ ਕਦੀ, ਭਲਾ ਨਹੀਓਂ ਹੋਮਦਾ,
ਚੰਗੇ ਭਲੇ ਬੰਦਿਆਂ ਤੋਂ, ਰਸਤੇ ਹੈ ਖੋਹਮਦਾ।
ਪਰ ਅਕਲਾਂ ਦੇ ਅੰਨ੍ਹਿਆਂ ਨੂੰ, ਰਾਹ ਕੀ ਦਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਚਕਾਚੌਂਧ ਰੌਸ਼ਨੀ ਵੀ, ਅੰਨ੍ਹਾ ਕਰੇ ਬੰਦਿਆਂ ਨੂੰ,
ਮਾਇਆ ਦੀ ਚਮਕ ਵੀ ਤਾਂ, ਚੌੜ ਕਰੇ ਧੰਦਿਆਂ ਨੂੰ।
ਫੇਰ ਦੱਸ ਕਿਹਦੇ ਲਈ, ਦੀਵਾ ਕੋਈ ਜਗਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਭੋਲੇ ਭਾਲੇ ਬੰਦਿਆਂ ਨੂੰ, ਦਿਨ ਜਾਵੇ ਲੁੱਟਦਾ,
ਰਾਤ ਦੇ ਹਨੇਰਿਆਂ 'ਚ, ਗਰੀਬ ਜਾਵੇ ਲੁਕਦਾ।
ਹਨੇਰਿਆਂ ਦੇ ਕਿਹੜੇ ਖੂੰਜੇ, ਗਰੀਬੀ ਜਾ ਲੁਕਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਗਿਆਨ ਵਾਲੀ ਰੌਸ਼ਨੀ ਦਾ, ਚੱਲਦਾ ਨਾ ਜ਼ੋਰ ਇੱਥੇ,
ਸੱਚ ਦੇ ਅਸੂਲਾਂ ਨੂੰ ਵੀ, ਜਾ ਕੇ ਟਿਕਾਈਏ ਕਿੱਥੇ।
ਕਿਹੜੀ ਖੁਸ਼ੀ ਮੁੱਖ ਰੱਖ, ਤੇਰੇ ਗੀਤ ਗਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਪਟਾਕਿਆਂ ਦੀ ਤਾੜ ਤਾੜ, ਪੁਤਲਿਆਂ ਦੀ ਸਾੜ ਸਾੜ,
ਬਦੀਆਂ ਦੇ ਬੰਦਿਆਂ ਦੀ, ਨਿੱਤ ਨਿੱਤ ਉੱਠੇ ਧਾੜ।
ਨੇਕੀਆਂ ਦੀ ਨਿੱਕੀ ਲੜੀ, ਕਿੱਥੇ ਜਾ ਚਲਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

ਦੀਵਾਲੀਏ ਨੀ ਦੀਨ ਦੀਏ, ਤੈਨੂੰ ਕੀ ਸਿਖਾਵਾਂ ਮੈਂ,
ਹਨੇਰੇ ਅਤੇ ਰੌਸ਼ਨੀ ਦਾ, ਸੱਚ ਕੀ ਸੁਣਾਵਾਂ ਮੈਂ।

—ਰਵਿੰਦਰ ਸਿੰਘ ਕੁੰਦਰਾ,ਕਵੈਂਟਰੀ ਯੂ ਕੇ

# ਖਾਲਸਾ ਕਾਲਜ ਗਵਰਨਿੰਗ ਕੌਂਸਲ ਵਿਕਾਸ ਤੇ ਤਰੱਕੀ ਦੇ ਰਾਹ 'ਤੇ





ਸ੍ਰ. ਸੱਤਿਆਜੀਤ ਸਿੰਘ ਮਜੀਠੀਆ



ਰਜਿੰਦਰ ਮੋਹਨ ਸਿੰਘ ਛੀਨਾ

ਇਤਿਹਾਸਕ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ (ਕੇ ਸੀ ਜੀ ਸੀ) ਸਿੱਖ ਫ਼ਲਸਫ਼ੇ ਅਤੇ ਸੱਭਿਆਚਾਰ ਨੂੰ ਸਮਰਪਿਤ ਸਿੱਖਿਆ ਪ੍ਰਸਾਰ ਦੇ ਟੀਚੇ ਨੂੰ ਹਾਸਲ ਕਰਦਿਆਂ ਵਿਕਾਸ ਅਤੇ ਤਰੱਕੀ ਦੇ ਰਾਹ 'ਤੇ ਹੈ। ਸੁਸਾਇਟੀ 18 ਵਿਦਿਅਕ ਸੰਸਥਾਵਾਂ ਨੂੰ ਸਫਲਤਾਪੂਰਵਕ ਚਲਾ ਰਹੀ ਹੈ ਅਤੇ ਪਿਛਲੇ ਦਹਾਕੇ 'ਚ ਹੀ ਇਸ ਨੇ ਇਤਿਹਾਸ ਸਿਰਜਦਿਆਂ 11 ਕਾਲਜ ਅਤੇ ਸਕੂਲ ਖੋਲ੍ਹੇ ਹਨ। ਕੇ ਸੀ ਜੀ ਸੀ ਆਉਣ ਵਾਲੇ ਸਮੇਂ 'ਚ ਤਿੰਨ ਹੋਰ ਉੱਚ ਪੱਧਰੀ ਵਿੱਦਿਅਕ ਸੰਸਥਾਵਾਂ ਖੋਲ੍ਹਣ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। ਖ਼ਾਲਸਾ ਕਾਲਜ ਸੁਸਾਇਟੀ ਨੇ ਹਾਲ ਹੀ 'ਚ 'ਗੁਰਮਤਿ ਸਟੱਡੀ ਸੈਂਟਰ' ਦਾ ਉਦਘਾਟਨ ਕੀਤਾ, ਜਿੱਥੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਪ੍ਰਚਾਰਕਾਂ, ਰਾਗੀਆਂ ਅਤੇ ਪਾਠੀਆਂ ਲਈ ਤਿਆਰ ਕਰਨ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਕੇ ਸੀ ਜੀ ਸੀ ਸਮਾਜ ਦੇ ਹਰ ਵਰਗ ਨੂੰ ਵਿਗਿਆਨਕ ਗਿਆਨ ਅਤੇ ਸਿੱਖਿਆ ਦੇ ਪ੍ਰਸਾਰ ਲਈ ਆਪਣੇ ਸੰਸਥਾਪਕ ਪੁਰਖਿਆਂ ਦੇ ਸੁਪਨੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਇਹ ਦੇਸ਼ ਭਰ 'ਚ ਵਿੱਦਿਅਕ ਸੰਸਥਾਵਾਂ ਦਾ ਪ੍ਰਬੰਧਨ ਕਰਨ ਵਾਲੀ ਸਭ ਤੋਂ ਵੱਕਾਰੀ ਸੰਸਥਾਵਾਂ ਵਜੋਂ ਉਭਰੀ ਹੈ।

ਖ਼ਾਲਸਾ ਕਾਲਜ ਮੈਨੇਜਮੈਂਟ ਵੱਲੋਂ ਧਾਰਮਕ ਪ੍ਰਚਾਰ, ਪ੍ਰਸਾਰ ਅਤੇ ਵਿਦਿਆਰਥੀਆਂ ਨੂੰ ਉੱਚ ਸੰਸਕਾਰਾਂ ਨਾਲ ਗੁਣਵਾਨ ਬਣਾਉਣ ਦੇ ਮਕਸਦ ਤਹਿਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਨਗਰ ਕੀਰਤਨ ਹਰੇਕ ਸਾਲ ਗੁਰਪੁਰਬ ਤੋਂ ਇਕ ਦਿਨ ਪਹਿਲਾਂ ਖ਼ਾਲਸਾ ਕਾਲਜ ਸੰਸਥਾਵਾਂ ਵੱਲੋਂ ਸਜਾਇਆ ਜਾਂਦਾ ਹੈ।

ਇਸ ਵਾਰ ਵੀ ਇਹ ਨਗਰ ਕੀਰਤਨ 7 ਨਵੰਬਰ (ਸੋਮਵਾਰ) ਨੂੰ ਖ਼ਾਲਸਾ ਕਾਲਜ ਤੋਂ ਆਰੰਭ ਹੋ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਪੰਨ ਹੋਵੇਗਾ, ਜੋ ਕਿ ਦੁਨੀਆ ਭਰ 'ਚ ਆਯੋਜਿਤ ਹੋਣ ਵਾਲੇ ਨਗਰ ਕੀਰਤਨਾਂ 'ਚੋਂ ਸਭ ਤੋਂ ਪ੍ਰਮੁੱਖ ਅਤੇ ਵਿਸ਼ਾਲ ਹੁੰਦਾ ਹੈ। ਸੁਸਾਇਟੀ ਦੇ ਪ੍ਰਧਾਨ ਸ੍ਰ. ਸੱਤਿਆਜੀਤ ਸਿੰਘ ਮਜੀਠੀਆ, ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਦੀ ਅਣਥੱਕ ਮਿਹਨਤ ਅਤੇ ਅਗਾਂਹਵਧੂ ਸੋਚ ਕਾਰਨ ਸੁਸਾਇਟੀ ਨੇ ਕਾਲਜ, ਸਕੂਲ ਖੋਲ੍ਹ ਕੇ ਇਤਿਹਾਸ ਸਿਰਜਿਆ ਹੈ। ਸੁਸਾਇਟੀ ਦੇ ਚਾਂਸਲਰ ਰਾਜਮੋਹਿੰਦਰ ਸਿੰਘ ਮਜੀਠਾ, ਰੈਕਟਰ ਲਖਬੀਰ ਸਿੰਘ ਲੋਧੀਨੰਗਲ, ਮੀਤ ਪ੍ਰਧਾਨ ਸਵਿੰਦਰ ਸਿੰਘ ਕੱਥੂਨੰਗਲ, ਵਧੀਕ ਆਨਰੇਰੀ ਸਕੱਤਰ ਜਤਿੰਦਰ ਸਿੰਘ ਬਰਾੜ, ਜਾਇੰਟ ਸਕੱਤਰ ਗੁਨਬੀਰ ਸਿੰਘ, ਅਜਮੇਰ ਸਿੰਘ ਹੇਰ, ਰਾਜਬੀਰ ਸਿੰਘ, ਸਰਦੂਲ ਸਿੰਘ ਮੰਨਨ, ਅਜੀਤ ਸਿੰਘ ਬਸਰਾ, ਪਰਮਜੀਤ ਸਿੰਘ ਬੱਲ, ਸੰਤੋਖ ਸਿੰਘ ਸੇਠੀ ਤੇ (ਡਾ.) ਕਰਤਾਰ ਸਿੰਘ ਗਿੱਲ ਸ਼ਾਮਲ ਹਨ, ਇਕ ਟੀਮ ਦੀ ਤਰ੍ਹਾਂ ਕੰਮ ਕਰਦੇ ਹਨ।

ਵਿਦਿਅਕ ਖੇਤਰ 'ਚ ਧਰੂਵ ਤਾਰੇ ਖ਼ਾਲਸਾ ਕਾਲਜ ਤੋਂ ਇਲਾਵਾ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਖ਼ਾਲਸਾ ਕਾਲਜ ਫ਼ਾਰ ਵੂਮੈਨ, ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵੀਨਿਊ, ਖਾਲਸਾ ਕਾਲਜ ਆਫ ਨਰਸਿੰਗ, ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਖਾਲਸਾ ਕਾਲਜ ਆਫ ਫਾਰਮੇਸੀ, ਖਾਲਸਾ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼, ਖਾਲਸਾ ਕਾਲਜ ਆਫ ਬਿਜ਼ਨਿਸ ਸਟੱਡੀਜ਼ ਐਂਡ ਟੈਕਨਾਲੋਜੀ, ਮੋਹਾਲੀ, ਖ਼ਾਲਸਾ ਕਾਲਜ ਆਫ਼ ਲਾਅ, ਖਾਲਸਾ ਕਾਲਜ ਚਵਿੰਡਾ ਦੇਵੀ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ, ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਪਬਲਿਕ ਸਕੂਲ ਜੀ ਟੀ ਰੋਡ, ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ, ਖਾਲਸਾ ਕਾਲਜ ਪਬਲਿਕ ਸਕੂਲ, ਹੇਰ ਵਿੱਦਿਆ ਦੇ ਖੇਤਰ 'ਚ ਮੋਹਰੀ ਸੰਸਥਾਵਾਂ ਹਨ।

ਧਰਮਿੰਦਰ ਸਿੰਘ ਰਟੌਲ




ਪੰਜਾਬ ਸਰਕਾਰ
ਵੱਲੋਂ
ਮੁੱਖ ਮੰਤਰੀ
ਭਗਵੰਤ ਮਾਨ
ਦੀ ਅਗਵਾਈ ਹੇਠ

ਆਪ ਸਭ ਨੂੰ
ਬ੍ਰਹਿਮੰਡ ਦੇ ਦੈਵੀ ਸ਼ਿਲਪਕਾਰ ਅਤੇ ਦੇਸ਼ ਦੇ ਹੁਨਰਮੰਦ ਕਾਰੀਗਰਾਂ,
ਦਸਤਕਾਰਾਂ ਅਤੇ ਕਿਰਤੀਆਂ ਦੇ ਪ੍ਰੇਰਣਾ ਸਰੋਤ
ਭਗਵਾਨ ਵਿਸ਼ਵਕਰਮਾ ਜੀ
ਦੇ ਸਤਿਕਾਰ ਵਜੋਂ
ਵਿਸ਼ਵਕਰਮਾ ਦਿਵਸ
ਦੀਆਂ ਲੱਖ-ਲੱਖ ਵਧਾਈਆਂ

ਰਾਜ ਪੱਧਰੀ ਸਮਾਗਮ
ਰਾਮਗੜ੍ਹੀਆ ਗਰਲਜ਼ ਕਾਲਜ, ਮਿੱਲਰ ਗੰਜ, ਲੁਧਿਆਣਾ
25 ਅਕਤੂਬਰ, 2022 ਨੂੰ ਸਵੇਰੇ 10:00 ਵਜੇ



ਭਗਵੰਤ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਹੁਸ਼ਿਆਰਪੁਰ ਨੇ ਸਹਾਇਕ ਕਿਰਤ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਅੱਜ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦਾ ਇਕ ਵਫਦ ਸੂਬਾ ਪ੍ਰਧਾਨ ਗੰਗਾ ਪ੍ਰਸਾਦ ਦੀ ਪ੍ਰਧਾਨਗੀ ਹੇਠ ਸਹਾਇਕ ਕਿਰਤ ਕਮਿਸ਼ਨਰ ਕਿਰਤ ਤੇ ਸਲਾਹ ਅਫ਼ਸਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਉਨ੍ਹਾਂ ਦੇ ਮਿੰਨੀ ਸਕੱਤਰੇਤ ਸਥਿਤ ਦਫਤਰ ਵਿਖੇ ਮਿਲਿਆ ਅਤੇ ਮੰਗ ਪੱਤਰ ਦਿੱਤਾ ਗਿਆ।

ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਗੰਗਾ ਪ੍ਰਸਾਦ ਨੇ ਦੱਸਿਆ ਕਿ ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਪੰਜਾਬ ਅੰਦਰ ਕੰਮ ਕਰਦੇ ਮਜ਼ਦੂਰ ਵਰਗ ਦੀਆਂ ਘੱਟੋ ਘੱਟ ਉਜਰਤਾਂ ਵਿੱਚ ਸੋਧ ਕਰਕੇ 1-3-2021 ਤੋਂ ਗੈਰ ਹੁਨਰਮੰਦ ਮਜ਼ਦੂਰਾਂ ਲਈ 26000/- ਰੁਪਏ ਪ੍ਰਤੀ ਮਹੀਨਾ ਅਤੇ ਇਸੇ ਅਨੁਪਾਤ ਵਿੱਚ ਹੁਨਰਮੰਦ ਅਤੇ ਉੱਚ ਹੁਨਰਮੰਦ ਮਜ਼ਦੂਰਾਂ ਦੀਆਂ ਉਜਰਤਾਂ ਤੈਅ ਕੀਤੀਆਂ ਜਾਣ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਅੰਦਰ ਘੱਟੋ ਘੱਟ ਉਜਰਤਾਂ ਵਿਚ 6 ਸਾਲ ਬਾਅਦ ਜਾਂ ਮਹਿੰਗਾਈ ਦੇ 50% ਪ੍ਰਤੀਸ਼ਤ ਅੰਕ ਵੱਧ ਜਾਣ ਤੇ ਸੋਧ ਕੀਤੀ ਜਾਵੇ, ਪੰਜਾਬ ਅੰਦਰ ਪਹਿਲਾਂ 1-9-2008 ਤੋਂ ਅਤੇ ਫਿਰ 1-9-2012 ਨੂੰ ਘੱਟੋ ਘੱਟ ਉਜਰਤਾਂ ਵਿੱਚ ਸੋਧ ਕੀਤੀ ਗਈ ਸੀ। ਮਿਤੀ 1-9-2012 ਤੋਂ 2-2-2021 ਤੱਕ ਕਰੀਬ 9 ਸਾਲ ਬੀਤ ਚੁੱਕੇ ਹਨ ਅਤੇ ਇਸ ਸਮੇਂ ਦੌਰਾਨ ਮਹਿੰਗਾਈ ਦੇ 579 ਅੰਕ ਵਧ ਚੁੱਕੇ ਹਨ ਪਰ ਉਜਰਤਾਂ ਵਿੱਚ ਨਾ ਤਾਂ ਸੋਧ ਕੀਤੀ ਗਈ ਅਤੇ ਨਾ ਹੀ ਹੁਣ ਤੱਕ ਕੋਈ ਅਡਵਾਇਜਰੀ ਕਮੇਟੀ ਗਠਿਤ ਕੀਤੀ ਗਈ ਹੈ। ਇਸ ਲਈ ਘੱਟੋ ਘੱਟ ਉਜਰਤਾਂ ਵੀ ਸੋਧ ਕਰਨ ਲਈ ਫੌਰੀ ਤੌਰ 'ਤੇ ਅਡਵਾਈਜ਼ਰੀ ਬੋਰਡ ਦਾ ਗਠਨ ਕੀਤਾ ਜਾਵੇ ਤੇ ਪੰਜਾਬ ਦੀਆਂ ਸਾਰੀਆਂ ਟਰੇਡ ਯੂਨੀਅਨਾਂ ਨੂੰ ਇਸ ਵਿੱਚ ਨੁਮਾਇੰਦਗੀ ਦਿੱਤੀ ਜਾਵੇ, ਕੇਂਦਰ ਸਰਕਾਰ ਵੱਲੋਂ 44 ਕਿਰਤ ਕਾਨੂੰਨ ਤੋੜ ਕੇ ਬਣਾਏ 4 ਕਿਰਤ ਕੋਡ ਨੂੰ ਪੰਜਾਬ ਅਸੰਬਲੀ ਵਿਚ ਰੱਦ ਕਰਵਾਏ ਜਾਣ ਅਤੇ ਸਾਰੇ ਕਿਰਤ ਕਾਨੂੰਨਾਂ ਨੂੰ ਬਹਾਲ ਰੱਖਿਆ ਜਾਵੇ, ਜਿਵੇਂ ਕਿ ਕਿਸਾਨਾਂ ਦੇ ਸੰਬੰਧ ਵਿਚ ਬਣੇ ਕਾਲੇ ਕਨੂੰਨ ਅਸੰਬਲੀ ਵੱਲੋਂ ਰੱਦ ਕੀਤੇ ਗਏ ਸਨ। 1-3-2020 ਤੋਂ 1-9-2022 ਤੱਕ ਦਿੱਤੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਫੌਰੀ ਅਦਾ ਕੀਤੇ ਜਾਣ, ਆਮ ਆਦਮੀ ਪਾਰਟੀ ਵਲੋਂ 10-10-2022 ਨੂੰ ਐਲਾਨ ਕੀਤਾ ਹੈ ਕਿ ਘੱਟੋ ਘੱਟ ਉਜਰਤਾਂ ਵਿੱਚ ਵਾਧਾ ਕਰ ਦਿੱਤਾ ਹੈ ਪਰ ਉਹ ਵਾਧਾ ਮਹਿੰਗਾਈ ਵਧਣ ਕਰਕੇ ਮਹਿੰਗਾਈ ਭੱਤੇ ਦਾ ਹੈ ਅਤੇ ਉਸ ਵਿੱਚ ਮਿਤੀ 1-1-2021 ਤੋਂ ਕੋਈ ਵਾਧਾ ਨਹੀਂ ਕੀਤਾ ਗਿਆ। ਜਦ ਕਿ ਮਿਤੀ 1-8-2021 ਤੋਂ 1-9-2021 ਤੱਕ ਮਹਿੰਗਾਈ ਲਈ 44 ਅੰਕ ਦਾ ਵਾਧਾ ਹੋ ਚੁੱਕਿਆ ਹੈ।

ਕੇਂਦਰ ਸਰਕਾਰ ਨੇ ਵੀ ਆਪਣੇ ਮੁਲਾਜ਼ਮਾਂ ਨੂੰ ਇਸੇ ਦੌਰਾਨ 3% ਮਹਿੰਗਾਈ ਭੱਤਾ ਦਿੱਤਾ ਹੈ। ਇਸ ਲਈ 1-1-2021 ਤੋਂ 325 ਰੁਪਏ ਪ੍ਰਤੀ ਮਹੀਨਾ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਕੀਤੀ ਜਾਵ। ਰਜਿਸਟ੍ਰੇਸ਼ਨ ਲਈ ਆਨ ਲਾਈਨ ਦੇ ਨਾਲ ਨਾਲ ਆਫਲਾਈਨ ਸਿਸਟਮ ਵੀ ਲਾਗੂ ਕੀਤਾ ਜਾਵੇ, ਵੱਖ ਵੱਖ ਉਦਯੋਗਿਕ ਇਕਾਈਆਂ ਅਤੇ ਭੱਠਿਆਂ ਤੇ ਕੰਮ ਕਰਦੇ ਮਜ਼ਦੂਰਾਂ ਅਤੇ ਭੱਠਿਆਂ ਉਪਰ ਕਿਰਤ ਕਾਨੂੰਨ ਲਾਗੂ ਕੀਤੇ ਜਾਣ, ਰੇਤਾ ਬੱਜਰੀ ਫੌਰੀ ਤੌਰ 'ਤੇ 900/- ਰੁਪਏ ਪ੍ਰਤੀ ਸੈਂਕੜਾ ਮੁਹੱਈਆ ਕਰਵਾਈ ਜਾਵੇ, ਗ਼ੈਰ ਜਥੇਬੰਦ ਮਜ਼ਦੂਰਾਂ ਲਈ 2008 ਦਾ ਬਣਿਆ ਕਾਨੂੰਨ ਲਾਗੂ ਨਹੀਂ ਹੈ ਤੇ ਨਾ ਹੀ ਲਾਗੂ ਹੋ ਰਿਹਾ ਹੈ, ਗ਼ੈਰ ਜਥੇਬੰਦ ਮਜ਼ਦੂਰਾਂ ਨੂੰ ਵੀ ਨਿਰਮਾਣ ਮਜ਼ਦੂਰਾਂ ਵਾਲੇ ਲਾਭ ਦਿੱਤੇ ਜਾਣ, ਬੀ.ਓ.ਸੀ.ਡਬਲਿਊ. ਦੇ ਮੁਲਾਜ਼ਮਾਂ ਨੂੰ ਐਚ ਬੀ ਸਕਿਉਰਿਟੀ ਸਰਵਿਸ ਤੋਂ ਕੱਢ ਕੇ ਸਿੱਧੇ ਪੰਜਾਬ ਬਿਲਡਿੰਗ ਅਤੇ ਅਦਰ ਕੰਸਟਰੱਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਅਧੀਨ ਪੱਕਾ ਕੀਤਾ ਜਾਵੇ ਅਤੇ ਵੱਖ ਵੱਖ ਵਿਭਾਗਾਂ ਵਿੱਚ ਆਊਟਸੋਰਸਿੰਗ ਦੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਗੈਰ ਜਥੇਬੰਦਕ ਮਜ਼ਦੂਰਾਂ ਵਾਸਤੇ ਪੰਜਾਬ ਸਟੇਟ ਸਮਾਜਕ ਸੁਰੱਖਿਆ ਬੋਰਡ ਦਾ ਗਠਨ ਕੀਤਾ ਜਾਵੇ ਅਤੇ ਹਰ ਖੇਤਰ ਦੇ ਮਜਦੂਰ ਆਗੂ ਉਸ ਦੇ ਮੈਂਬਰ ਬਣਾਏ ਜਾਣ।

ਇਸ ਮੌਕੇ ਸੁਖਦੇਵ ਰਾਜ ਮਿਆਣੀ, ਸਵਰਨ ਸਿੰਘ, ਫਕੀਰਾ ਰਾਮ, ਰਾਜ ਕੁਮਾਰ, ਕਪਿਲ ਦੇਵ, ਰਾਮ ਦਿਆਲ, ਬਾਲ ਮੁਕੰਦ, ਸੁਰਜੀਤ ਸਿੰਘ, ਨੰਦ ਕਿਸ਼ੋਰ, ਅਖਿਲੇਸ਼ ਕੁਮਾਰ, ਜੰਗੀ ਪ੍ਰਸ਼ਾਦ, ਰਮੇਸ਼ ਕੁਮਾਰ ਟਾਂਡਾ ਉੜਮੁੜ ਆਦਿ ਹਾਜਰ ਸਨ।

# ਦੀਵਾਲੀ ਦੇ ਮੱਦੇਨਜ਼ਰ ਭੋਗਪੁਰ ਪੁਲਸ ਵੱਲੋਂ ਵਿਸ਼ੇਸ਼ ਸਰਚ ਅਭਿਆਨ, ਵਾਹਨਾਂ ਦੀ ਕੀਤੀ ਚੈਕਿੰਗ



ਭੋਗਪੁਰ (ਕੁਲਵੀਰ ਸਿੰਘ ਕਾਹਲੋਂ) ਦੀਵਾਲੀ ਦੇ ਮੱਦੇਨਜ਼ਰ ਜਿੱਥੇ ਭੋਗਪੁਰ ਪੁਲਿਸ ਵੱਲੋਂ ਵੱਖ ਵੱਖ ਥਾਵਾਂ 'ਤੇ ਗਸ਼ਤ ਤੇਜ਼ ਕਰ ਦਿੱਤੀ ਗਈ ਅਤੇ ਜਨਤਕ ਥਾਵਾਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ, ਉੱਥੇ ਹੀ ਅੱਜ ਆਦਮਪੁਰ ਟੀ-ਪੁਆਇੰਟ, ਕੁਰੇਸ਼ੀਆਂ ਹਾਈਟੈਕ ਨਾਕੇ 'ਤੇ ਵੀ ਸਪੈਸ਼ਲ ਚੈਕਿੰਗ ਕੀਤੀ ਗਈ । ਇਸ ਦੌਰਾਨ ਥਾਣਾ ਭੋਗਪੁਰ ਦੇ ਮੁਖੀ ਜਸਵਿੰਦਰ ਸਿੰਘ ਬੱਲ ਦੀ ਅਗਵਾਈ ਦੇ ਵਿਚ ਨਾਕਾ ਲਗਾ ਕੇ ਵਿਸ਼ੇਸ਼ ਮੁਹਿੰਮ ਚਲਾਈ ਗਈ । ਇਸ ਦੌਰਾਨ ਸਬ ਇੰਸਪੈਕਟਰ ਜਸਵਿੰਦਰ ਸਿੰਘ ਬੱਲ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਕੋਈ ਘਟਨਾ ਨਾ ਵਾਪਰੇ ਇਸ ਲਈ ਪੁਲਿਸ ਆਪਣੀ ਡਿਊਟੀ ਤਨਦੇਹੀ ਨਾਲ ਨਿਭਾ ਰਹੀ ਹੈ । ਇਸ ਦੌਰਾਨ ਵੱਖ ਵੱਖ ਵਾਹਨਾਂ ਦੀ ਚੈਕਿੰਗ ਕੀਤੀ ਗਈ । ਉਹਨਾਂ ਆਖਿਆ ਕਿ ਤਿਉਹਾਰਾਂ ਦੇ ਮੱਦੇਨਜ਼ਰ ਜਿੱਥੇ ਭੀੜ ਭਾੜ ਵਾਲੇ ਇਲਾਕਿਆਂ 'ਤੇ ਪੁਲਿਸ ਆਪਣੀ ਬਾਜ ਅੱਖ ਰੱਖੇਗੀ ,ਉੱਥੇ ਹੀ ਲੋਕ ਵੀ ਕੋਈ ਸ਼ੱਕੀ ਵਸਤੂ ਆਦਿ ਮਿਲਣ 'ਤੇ ਪੁਲਿਸ ਨੂੰ ਤੁਰੰਤ ਸੂਚਿਤ ਕੀਤਾ ਜਾਵੇ । ਇਸ ਦੇ ਨਾਲ ਹੀ ਉਨ੍ਹਾਂ ਨੇ ਲੋਕਾਂ ਨੂੰ ਇਕਜੁੱਟ ਹੋ ਕੇ ਸ਼ਾਂਤੀ ਅਤੇ ਆਪਸੀ ਭਾਈਚਾਰੇ ਨਾਲ ਤਿਉਹਾਰ ਮਨਾਉਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਵਿੱਚ ਜਸ਼ਨਾਂ ਦਾ ਮਾਹੌਲ ਬਣਿਆ ਰਹੇ ।

# 2 ਚੋਰੀ ਦੇ ਮੋਬਾਇਲਾਂ ਨਾਲ ਚੋਰ ਕੀਤਾ ਗ੍ਰਿਫਤਾਰ



ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਥਾਣੇ ਪਤਾਰਾ ਦੀ ਪੁਲਿਸ ਨੇ ਦੋ ਮੋਬਾਇਲਾਂ ਨੂੰ ਚੋਰੀ ਕਰਨ ਵਾਲੇ ਚੋਰ ਨੂੰ ਚੋਰ ਨੂੰ ਕੀਤਾ ਗ੍ਰਿਫਤਾਰ ਕੀਤਾ।

ਇਸ ਸੰਬੰਧ ਵਿੱਚ ਜਾਣਕਾਰੀ ਦਿੰਦਿਆਂ ਥਾਣਾ ਪਤਾਰਾ ਦੇ ਐਸ ਐਚ ਓ ਨੇ ਦੱਸਿਆ ਕਿ ਏ ਐਸ ਆਈ ਨਿਰਮਲ ਸਿੰਘ ਨੂੰ ਇੱਕ ਗੁਪਤ ਸੁਚਨਾ ਮਿਲੀ ਸੀ ਕਿ ਰਾਜਨ ਕੁਮਾਰ ਮੁੰਨੀ ਪੁੱਤਰ ਗਿਰਜੂ ਪ੍ਰਸ਼ਾਦ ਨਿਵਾਸੀ ਪਿੰਡ ਹਜਾਰਾ ਨੇੜੇ ਰੇਲਵੇ ਫਾਟਕ ਚੁਗਿਟੀ ਚੋਰੀ ਦੇ ਮੋਬਾਇਲ ਵੇਚਣ ਦੀ ਫਿਰਾਕ ਵਿੱਚ ਘੁੰਮ ਰਿਹਾ ਹੈ। ਜਿਸ ਤੋਂ ਬਾਆਦ ਪੁਲਸ ਨੇ ਇਸ ਔਪੋ ਤੇ ਰੈਡ ਮੀ ਕੰਪਨੀ ਦੇ ਦੋ ਮੋਬਾਇਲਾਂ ਨਾਲ ਕਾਬੂ ਕਰ ਲਿਆ। ਇਸ ਦੇ ਖਿਲਾਫ ਥਾਣਾ ਪਤਾਰਾ ਵਿੱਚ ਮਾਮਲਾ ਨੰਬਰ 83 ਧਾਰਾ 457 380 411 ਤਹਿਤ ਦਰਜ ਕਰਕੇ ਇਸ ਨੂੰ ਗ੍ਰਿਫਤਾਰ ਕਰ ਲਿਆ।

# ਪਸ਼ੂਆਂ ਪ੍ਰਤੀ ਬੇਰਹਿਮੀ ਨੂੰ ਰੋਕਣ ਲਈ ਜ਼ਿਲ੍ਹਾ ਐੱਸ ਪੀ ਸੀ ਏ ਦਾ ਗਠਨ

ਜਲੰਧਰ (ਸੈਲੀ ਐਲਬਰਟ, ਸੁਰਿੰਦਰ ਕੁਮਾਰ)- ਪਸ਼ੂਆਂ ਪ੍ਰਤੀ ਬੇਰਹਿਮੀ ਨੂੰ ਰੋਕਣ ਅਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸੁਸਾਇਟੀ ਫਾਰ ਪ੍ਰੀਵੈਂਸ਼ਨ ਆਫ ਕਰੂਐਲਿਟੀ ਟੂ ਐਨੀਮਲਜ਼ (ਐਸ.ਪੀ.ਸੀ.ਏ.) ਦਾ ਗਠਨ ਕੀਤਾ ਗਿਆ ਹੈ, ਜਿਸ ਦੀ ਪਲੇਠੀ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਵੱਲੋਂ ਕਮੇਟੀ ਮੈਂਬਰਾਂ ਨਾਲ ਪਸ਼ੂਆਂ ਦੀ ਭਲਾਈ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲ੍ਹਾ ਐਸ.ਪੀ.ਸੀ.ਏ. ਦਾ ਉਦੇਸ ਪਸ਼ੂਆਂ ਦੇ ਅਧਿਕਾਰਾਂ, ਆਜਾਦੀ, ਭਲਾਈ ਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਨਾਲ ਹੁੰਦੀ ਬੇਰਹਿਮੀ ਨੂੰ ਰੋਕਣਾ ਹੈ। ਉਨ੍ਹਾਂ ਕਮੇਟੀ ਮੈਂਬਰਾਂ ਨੂੰ ਪਸ਼ੂਆਂ ਪ੍ਰਤੀ ਬੇਰਹਿਮੀ ਨੂੰ ਰੋਕਣ ਲਈ ਸੰਪੂਰਨ ਕਾਰਜ ਯੋਜਨਾ ਬਣਾਉਣ ਅਤੇ ਲਾਗੂ ਕਰਨ 'ਤੇ ਜੋਰ ਦਿੱਤਾ। ਇਸ ਦੌਰਾਨ ਪਸ਼ੂਆਂ ਲਈ ਸ਼ੈਲਟਰ, ਬੀਮਾਰ ਤੇ ਜ਼ਖਮੀ ਪਸ਼ੂਆਂ ਲਈ ਵੈਟਰਨਰੀ ਸਹਾਇਤਾ ਨੂੰ ਯਕੀਨੀ ਬਣਾਉਣ, ਲੋਕਾਂ ਵਿੱਚ ਜਾਨਵਰਾਂ ਪ੍ਰਤੀ ਹਮਦਰਦੀ ਤੇ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਜਾਗਰੂਕਤਾ ਪੈਦਾ ਕਰਨ, ਐਸ.ਪੀ.ਸੀ.ਏ. ਲਈ ਜ਼ਮੀਨ ਦੀ ਅਲਾਟਮੈਂਟ ਸਮੇਤ ਵੱਖ-ਵੱਖ ਮੁੱਦੇ ਵਿਚਾਰੇ ਗਏ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਐਸ.ਪੀ.ਸੀ.ਏ. ਵਿੱਚ ਕਮਿਸ਼ਨਰ ਨਗਰ ਨਿਗਮ ਨੂੰ ਕੋ-ਚੇਅਰਮੈਨ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਨੂੰ ਬਤੌਰ ਸਕੱਤਰ ਅਤੇ ਸਬੰਧਤ ਉਪ ਮੰਡਲ ਮੈਜਿਸਟ੍ਰੇਟ, ਡਿਪਟੀ ਡਾਇਰੈਕਟਰ ਡੇਅਰੀ, ਸਥਾਨਕ ਸਰਕਾਰਾਂ ਦੇ ਸਬੰਧਤ ਸਿਹਤ ਅਫਸਰ ਨੂੰ ਮੈਂਬਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਲਿਸ ਕਮਿਸ਼ਨਰ, ਐਸ.ਐਸ.ਪੀ. (ਦਿਹਾਤੀ) ਅਤੇ ਸਬੰਧਤ ਡੀ.ਐਸ.ਪੀ. ਦੇ ਇਕ-ਇਕ ਨੁਮਾਇੰਦੇ ਨੂੰ ਮੈਂਬਰ ਨਾਮਜ਼ਦ ਕਰਨ ਤੋਂ ਇਲਾਵਾ ਜ਼ਿਲ੍ਹੇ ਵਿੱਚ ਜਾਨਵਰਾਂ ਦੀ ਭਲਾਈ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਤੋਂ ਵੀ ਮੈਂਬਰ ਸ਼ਾਮਲ ਕੀਤੇ ਗਏ ਹਨ। ਇਸ ਮੌਕੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਜਲੰਧਰ ਡਾ. ਹਰਮਨਿੰਦਰ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਇੰਦਰਜੀਤ ਸਿੰਘ, ਸਹਾਇਕ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਜਲੰਧਰ ਡਾ. ਅਨਿਲ ਕਪੂਰ ਅਤੇ ਐਨ.ਜੀ.ਓਜ਼ ਤੋਂ ਰਜਿੰਦਰ ਕੌਰ ਮਾਨ, ਗੀਮਾ ਆਦਿ ਮੌਜੂਦ ਸਨ।

# ਮਜ਼ਦੂਰੀ ਕਰਨ ਵਾਲੇ ਇੱਕ ਗਰੀਬ ਪਰਵਾਰ ਦਾ ਬਿਜਲੀ ਦਾ ਬਿੱਲ ਆਇਆ 83260 ਰੁਪਏ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਬਿਜਲੀ ਵਿਭਾਗ ਦੀ ਅਣਗਿਹਲੀ ਕਾਰਨ ਮਜ਼ਦੂਰੀ ਕਰਨ ਵਾਲੇ ਇੱਕ ਗਰੀਬ ਪਰਵਾਰ ਦਾ ਬਿਜਲੀ ਦਾ ਬਿੱਲ 83260 ਰੁਪਏ ਆਉਣ ਦਾ ਮਾਮਲਾ ਸਾਹਮਣੇ ਆਇਆ ਹੈ । ਇਲਾਕੇ ਦੇ ਪਿੰਡ ਬੀਰਮਪੁਰ ਦੇ ਰਹਿਣ ਵਾਲੇ ਪਰਮਜੀਤ ਪੁੱਤਰ ਰਿਖੀ ਰਾਮ ਨੇ ਦੱਸਿਆ ਕਿ ਬਿਜਲੀ ਵਿਭਾਗ ਵੱਲੋਂ ਮੈਨੂੰ 83260 ਰੁਪਏ ਦਾ ਬਿੱਲ ਭੇਜਿਆ ਗਿਆ ਅਤੇ ਮਹਿਕਮੇ ਵੱਲੋਂ ਮੇਰੇ ਮੀਟਰ ਦਾ ਕੁਨੈਕਸ਼ਨ ਵੀ ਕੱਟਿਆ ਗਿਆ ਸੀ ਜੋ ਬਿਜਲੀ ਵਿਭਾਗ ਦੀ ਮਿੰਨਤ ਤਰਲਾ ਕਰ ਕੇ ਦੁਬਾਰਾ ਕੁਨੈਕਸ਼ਨ ਜੁੜਵਾਇਆ ਗਿਆ ਪਰ ਮੁਲਾਜ਼ਮਾਂ ਨੇ ਇਹ ਸਾਰਾ ਬਿੱਲ ਜਮ੍ਹਾਂ ਕਰਵਾਉਣ ਲਈ ਮੈਨੂੰ ਕਈ ਵਾਰ ਕਿਹਾ ਗਿਆ ਪਰ ਮੈ ਇੰਨਾ ਬਿੱਲ ਨਹੀ ਦੇ ਸਕਦਾ ਮੇਰੇ ਘਰ ਤਾਂ ਫਰਿੱਜ, ਇੰਨਵਰਟਰ, ਪ੍ਰੈਸ, ਐਲ ਸੀ ਡੀ ਵਗੈਰਾ ਕੁਝ ਵੀ ਨਹੀਂ ਹੈ ਫਿਰ ਮੇਰਾ ਬਿੱਲ ਇੰਨਾ ਕਿਉਂ ਆਇਆ ਹੈ ਮੈਂ ਮਿਹਨਤ ਮਜ਼ਦੂਰੀ ਕਰ ਕੇ ਪਰਵਾਰ ਦਾ ਗੁਜ਼ਾਰਾ ਕਰ ਰਿਹਾ ਹਾਂ, ਇਹ ਮੇਰਾ ਬਿੱਲ ਦੁਬਾਰਾ ਚੈਕ ਕੀਤਾ ਜਾਵੇ ।

ਇਸ ਸਬੰਧੀ ਜਦੋਂ ਬਿਜਲੀ ਵਿਭਾਗ ਦੇ ਐਸ ਡੀ ਓ



ਰਵਿੰਦਰ ਸਿੰਘ ਨਾਲ ਗੱਲ ਕਰ ਕੇ ਇਸ ਮਾਮਲੇ ਦਾ ਪੱਖ ਜਾਣਿਆ ਤਾਂ ਉਹਨਾ ਕਿਹਾ ਕਿ ਮਾਮਲਾ ਉਹਨਾ ਦੇ ਧਿਆਨ ਵਿੱਚ ਹੈ, ਜਲਦ ਹੀ ਇਸ ਬਿੱਲ ਦੀ ਸੋਧ ਕੀਤੀ ਜਾਵੇਗੀ ।

# ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਪਿੰਡ ਭੱਠੇ ਵਿਖੇ ਸੈਮੀਨਾਰ

ਕਰਤਾਰਪੁਰ (ਹਰਮੇਸ਼ ਦੱਤ) ਮਾਣਯੋਗ ਵਧੀਕ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫ਼ੇਅਰਜ਼ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਣਯੋਗ ਐਸ ਐਸ ਪੀ ਜਲੰਧਰ ਦਿਹਾਤੀ ਸਵਰਨਦੀਪ ਸਿੰਘ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ



ਅਨੁਸਾਰ ਅਤੇ ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਊਨਿਟੀ ਪੁਲਿਸ ਅਫਸਰ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ ਅੱਜ 22 ਅਕਤੂਬਰ ਨੂੰ ਸਬ ਡਵੀਜ਼ਨ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਐਸ ਆਈ ਪੂਰਨ ਸਿੰਘ ਦੀ ਸੁਪਰਵਿਜ਼ਨ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਜਲੰਧਰ ਦਿਹਾਤੀ ਦੇ ਸਹਿਯੋਗ ਨਾਲ ਸਰਕਾਰੀ ਮਿਡਲ ਤੇ ਪ੍ਰਾਇਮਰੀ ਸਕੂਲ ਪਿੰਡ ਭੱਠੇ ਜਲੰਧਰ ਵਿਖੇ ਪਹਿਲੀ ਕਲਾਸ ਤੋਂ ਲੈ ਕੇ 8ਵੀ ਕਲਾਸ ਤੱਕ ਦੇ 90 ਬੱਚਿਆਂ ਨੂੰ ਕਾਪੀਆਂ ਅਤੇ ਪੈਨ ਵੰਡੇ ਗਏ ਇਸ ਮੌਕੇ ਐਸ ਆਈ ਪੂਰਨ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋਂ ਦਿਤੀਆਂ ਜਾਣ ਸੇਵਾਵਾਂ ,ਔਨਲਾਈਨ ਸਾਈਬਰ ਠੱਗੀ ਸੰਬੰਧੀ ਹੈਲਪ ਲਾਈਨ 1930 ,ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਅਤੇ ਸੁਖਜਿੰਦਰ ਸਿੰਘ ਵੱਲੋਂ ਟ੍ਰੈਫਿਕ ਨਿਯਮਾਂ ਤੋਂ ਜਾਗਰੂਕ ਕੀਤਾ ਗਿਆ । ਸੈਮੀਨਾਰ ਵਿੱਚ ਡਾ. ਸੁਰਜੀਤ ਲਾਲ ਲੈਕਚਰਾਰ ,ਸਕੂਲ ਦੇ ਪ੍ਰਿੰਸੀਪਲ ਅਸ਼ੋਕ ਕੁਮਾਰ , ਮਾਸਟਰ ਨਾਨਕ ਸਿੰਘ, ਮਾਸਟਰ ਆਰਸੀ ਪਾਲ, ਭਜਨ ਕੌਰ ਸਰਪੰਚ ,ਏ ਐਸ ਆਈ ਜਗਤਾਰ ਸਿੰਘ ਸਾਂਝ ਕੇਂਦਰ ਕਰਤਾਰਪੁਰ ,ਮੁੱਖ ਸਿਪਾਹੀ ਬਲਵਿੰਦਰ ਸਿੰਘ,ਸੀਨੀਅਰ ਸਬ ਡਵੀਜ਼ਨ ਸਾਂਝ ਕੇਂਦਰ ਕਰਤਾਰਪੁਰ,ਮੁੱਖ ਸਿਪਾਹੀ ਬਲਵਿੰਦਰ ਸਿੰਘ,ਸੀਨੀਅਰ ਸਿਪਾਹੀ ਗੁਰਪ੍ਰੀਤ ਸਿੰਘ,ਸੀਨੀਅਰ ਸਿਪਾਹੀ ਜਸਵੀਰ ਸਿੰਘ ,ਸੀਨੀਅਰ ਸਿਪਾਹੀ ਗੁਰਜਿੰਦਰ ਸਿੰਘ ਅਤੇ ਸਕੂਲ ਦਾ ਹੋਰ ਸਟਾਫ ਹਾਜ਼ਰ ਸੀ ।

# ਰੇਲਗੱਡੀ ਦਾ ਪੈਂਟੋ ਟੁੱਟਣ ਕਰਕੇ ਯਾਤਰੀ ਹੋਏ ਪ੍ਰੇਸ਼ਾਨ

## ਯਾਤਰੀਆਂ ਨੂੰ ਨਹੀਂ ਮਿਲਿਆ ਖਾਣ ਪੀਣ ਦਾ ਸਮਾਨ ਅਤੇ ਪੀਣ ਵਾਲਾ ਪਾਣੀ




ਫਿਲੌਰ (ਨਿਰਮਲ) - ਅੰਮ੍ਰਿਤਸਰ ਤੋਂ ਨੰਗਲ ਡੈਮ ਜਾਣ ਵਾਲੀ 14505 ਡਾਊਨ ਇਲੈਕਟ੍ਰਿਕ ਰੇਲਗੱਡੀ ਜਦੋਂ ਫਿਲੌਰ ਸਟੇਸ਼ਨ ਨੇੜੇ ਫਲਾਈਓਵਰ ਕੋਲ ਪਹੁੰਚੀ ਤਾਂ ਅਚਾਨਕ ਗੱਡੀ ਦੇ ਇੰਜਣ ਉਪਰੋਂ ਜ਼ੋਰਦਾਰ ਧਮਾਕਾ ਹੋਇਆ ਜਿਸ ਨਾਲ ਗੱਡੀ 'ਚ ਬੈਠੇ ਯਾਤਰੀਆਂ 'ਚ ਹੜਕੰਪ ਮੱਚ ਗਿਆ। ਜ਼ਿਕਰਯੋਗ ਹੈ ਕਿ ਉਕਤ ਗੱਡੀ ਜਲੰਧਰ ਤੋਂ ਲੁਧਿਆਣੇ ਵੱਲ ਜਾ ਰਹੀ ਸੀ। ਗੱਡੀ ਰੁਕਣ 'ਤੇ ਡਰਾਈਵਰ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਗੱਡੀ ਉਪਰੋਂ ਇਕ ਬਿਜਲਈ ਯੰਤਰ (ਪੈਂਟੋਗ੍ਰਾਫ਼) ਅਤੇ ਉਸੇ ਕਰਕੇ ਉਪਰੋਂ ਲੰਘਦੀ ਹਾਈ ਪਾਵਰ ਤਾਰ ਵੀ ਟੁੱਟ ਗਈ। ਡਰਾਈਵਰ ਨੇ ਦੱਸਿਆ ਕਿ ਜਦੋਂ ਰੇਲਵੇ ਸਟੇਸ਼ਨ ਫਿਲੌਰ ਤੋਂ ਪਿੱਛੇ ਫਲਾਈਓਵਰ ਹੇਠੋਂ ਗੱਡੀ ਲੰਘੀ ਤਾਂ ਅਚਾਨਕ ਇਕ ਧਮਾਕਾ ਹੋਇਆ ਅਤੇ ਰੇਲਗੱਡੀ ਦੇ ਇੰਜਣ ਉਪਰ ਲੱਗਾ ਬਿਜਲਈ ਯੰਤਰ (ਪੈਂਟੋਗ੍ਰਾਫ਼) ਜੋ ਇੰਜਣ ਨੂੰ ਉਪਰੋਂ ਲੰਘਣ ਵਾਲੀ ਹਾਈ ਪਾਵਰ ਤਾਰ ਨਾਲ ਜੁੜਦਾ ਹੈ, ਟੁੱਟ ਗਿਆ ਸੀ। ਹਾਈ ਪਾਵਰ ਵੋਲਟੇਜ ਕਾਰਨ ਯਾਤਰੀਆਂ ਵਿਚ ਬੁਰੀ ਤਰਾਂ ਖੌਫ਼ ਦਾ ਮਾਹੌਲ ਸੀ। ਗੱਡੀ ਦੇ ਡਰਾਈਵਰ ਨੇ ਤੁਰੰਤ ਰੇਲਵੇ ਸਟੇਸ਼ਨ ਫਿਲੌਰ ਨੂੰ ਸੂਚਿਤ ਕੀਤਾ ਅਤੇ ਸਟੇਸ਼ਨ ਮਾਸਟਰ ਨੇ ਰੇਲਗੱਡੀਆਂ ਦੀ ਦੋਵਾਂ ਪਾਸਿਆਂ ਦੀ ਆਵਾਜਾਈ ਫੌਰੀ ਤੌਰ 'ਤੇ ਰੋਕੀ, ਜਿਸ ਨਾਲ ਜੋ ਗੱਡੀਆਂ ਜਿੱਥੇ ਕਿਤੇ ਵੀ ਰੇਲਵੇ ਟਰੈਕ 'ਤੇ ਸਨ, ਉਥੇ ਹੀ ਰੋਕ ਦਿੱਤੀਆਂ ਗਈਆਂ, ਤਾਂ ਕਿ ਕੋਈ ਹੋਰ ਹਾਦਸਾ ਨਾ ਵਾਪਰ ਜਾਵੇ। ਕਰੀਬ ਇਕ ਘੰਟੇ ਤੱਕ ਇਕ ਹੋਰ ਗੱਡੀ ਨੂੰ ਰੇਲਵੇ ਸਟੇਸ਼ਨ ਦੇ ਵੱਖਰੇ ਟਰੈਕ 'ਤੇ ਰੋਕਿਆ ਅਤੇ ਉਸ ਦਾ ਇੰਜਣ ਵੱਖਰਾ ਕਰਕੇ ਉਕਤ ਗੱਡੀ ਨਾਲ ਜੋੜਿਆ ਅਤੇ ਉਸ ਗੱਡੀ ਨੂੰ ਰਵਾਨਾ ਕੀਤਾ, ਜਿਸ ਨਾਲ ਰੇਲਗੱਡੀਆਂ ਦੀ ਆਵਾਜਾਈ ਮੁੜ ਤੋਂ ਚਾਲੂ ਹੋ ਸਕੀ।-ਰੇਲਵੇ ਸਟੇਸ਼ਨ 'ਤੇ ਇਕੱਤਰ ਹੋਏ ਯਾਤਰੀਆਂ ਨੇ ਮੌਕੇ 'ਤੇ ਪਹੁੰਚੇ ਪੱਤਰਕਾਰਾਂ ਨੂੰ ਦੱਸਿਆ ਕਿ ਗੱਡੀ ਖਰਾਬ ਹੋਣ ਕਾਰਨ ਉਹ ਕਰੀਬ ਇਕ ਘੰਟਾ ਰੇਲਵੇ ਸਟੇਸ਼ਨ 'ਤੇ ਖੱਜਲ ਖ਼ੁਆਰ ਹੁੰਦੇ ਰਹੇ, ਪਰ ਉਨ੍ਹਾਂ ਨੂੰ ਨਾ ਤਾਂ ਖਾਣ ਪੀਣ ਦਾ ਕੋਈ ਸਮਾਨ ਮਿਲਿਆ ਅਤੇ ਨਾ ਹੀ ਪੀਣ ਵਾਲਾ ਪਾਣੀ ਨਸੀਬ ਹੋਇਆ। ਉਨ੍ਹਾਂ ਅਫ਼ਸੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਰੇਲਵੇ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਫਿਲੌਰ ਵਰਗੇ ਰੇਲਵੇ ਜੰਕਸ਼ਨ 'ਤੇ ਖਾਣ ਪੀਣ ਵਾਲੀ ਕੰਟੀਨ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਯਕੀਨੀ ਬਣਾਵੇ।

# ਟਰੱਕ ਮਾਲਕ ਆਪਣੀ ਰੋਟੀ ਰੋਜ਼ੀ ਬਚਾਉਣ ਲਈ ਆਖਰੀ ਸਾਹ ਤੱਕ ਲੜਨਗੇ



ਨੰਗਲ (ਢੇਰ) ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਵੱਲੋਂ ਸੂਬੇ ਦੀਆਂ ਤਿੰਨ ਟਰਾਂਸਪੋਰਟ ਸੁਸਾਇਟੀਆਂ ਨੂੰ ਖਤਮ ਕਰ ਦਿੱਤੇ ਜਾਣ ਦੇ ਵਿਰੋਧ ਵਿਚ ਅੱਜ ਚੌਥੇ ਦਿਨ ਵੀ ਟਰੱਕ ਮਾਲਕਾਂ ਦਾ ਧਰਨਾ ਜਾਰੀ ਰਿਹਾ। ਇਸ ਮੌਕੇ ਟਰੱਕ ਮਾਲਕਾਂ ਦੀ ਮਦਦ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਘੇ ਆਗੂ ਨਿਤਿਨ ਨੰਦਾ, ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਪਿਆਰੇ ਲਾਲ ਜਸਵਾਲ, ਸੁਨੀਲ ਪੁਰੀ ਵੀ ਆਏ। ਇਨ੍ਹਾਂ ਕਿਹਾ ਕਿ ਸਹਿਕਾਰੀ ਸਭਾਵਾਂ ਦੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਟਰਾਂਸਪੋਰਟ ਗੁਡਜ਼ ਸੁਸਾਇਟੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸ ਮੌਕੇ ਕਾਮਰੇਡ ਸੁਰਜੀਤ ਸਿੰਘ ਢੇਰ, ਬਲਵੀਰ ਸਿੰਘ, ਸੁੱਚਾ ਸਿੰਘ ਜਿੰਦਵੜੀ, ਕਰਤਾਰ ਸਿੰਘ ਬਰੋਟੂ ਨੇ ਕਿਹਾ ਕਿ ਜਦੋਂ ਤੱਕ ਹਲਕਾ ਵਿਧਾਇਕ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਸੁਸਾਇਟੀ ਨੂੰ ਖਤਮ ਕਰਨ ਦਾ ਫੈਸਲਾ ਵਾਪਸ ਨਹੀਂ ਲੈਂਦੇ ਉਦੋਂ ਤੱਕ ਰੋਸ ਪ੍ਰਦਰਸ਼ਨ ਰੋਜਾਨਾ ਜਾਰੀ ਰਹੇਗਾ। ਇਸ ਮੌਕੇ ਸੋਮੀ,ਛਿੰਦਰ ਸਿੰਘ, ਤੇਜਪਾਲ ਸਿੰਘ ਪੱਪਾ, ਰਾਜਨ ਕੁਮਾਰ ਹੈਪੀ, ਮਨਮੋਹਨ ਕੁਮਾਰ ਰਾਣੂੰ, ਉਂਕਾਰ ਸਿੰਘ ਧੁੱਗਾ, ਆਲਮ ਖਾਨ,ਐਮ ਪੀ ਸਿੰਘ, ਅਮਰਜੀਤ ਸਿੰਘ ਸੇਖੋਂ, ਅਮਰੀਕ ਸਿੰਘ ਤਲਵਾੜਾ,ਭਾਗ ਸਿੰਘ ਬਾਸੋਵਾਲ, ਪਰਮਿੰਦਰ ਸਿੰਘ ਸੰਧੂ, ਭੁਪਿੰਦਰ ਸਿੰਘ ਸੰਧੂ, ਇਕਬਾਲ ਸਿੰਘ ਫੋਜੀ, ਜਰਨੈਲ ਸਿੰਘ ਡੱਬਰੀ,ਕਾਡੂ ਪੁਰੀ, ਵਿੱਕੀ ਚੌਧਰੀ, ਪ੍ਰਵੀਨ ਕੁਮਾਰ, ਕੁਲਵੀਰ ਸਿੰਘ, ਮਲਕੀਤ ਸਿੰਘ, ਗੱਜਣ ਸਿੰਘ,ਦੀਪੂ ਬਰਾਰੀ ਸਮੇਤ ਵੱਡੀ ਗਿਣਤੀ ਵਿੱਚ ਟਰੱਕ ਮਾਲਕ ਹਾਜ਼ਰ ਸਨ।

# ਜੇਕਰ ਪੁੱਤਰ ਸਾਡਾ ਮਾਣ ਹਨ ਤਾਂ ਧੀਆਂ ਵੀ ਵਰਦਾਨ ਹਨ: ਡਾ. ਸੋਨੀਆ

ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ) ਪਰਵਾਰ ਵਿੱਚ ਬੇਟੀ ਦੀ ਅਹਿਮੀਅਤ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਅਤਿ ਜ਼ਰੂਰੀ ਹੈ ਕਿਉਂਕਿ ਧੀਆਂ ਰੱਬ ਵੱਲੋਂ ਦਿੱਤਾ ਗਿਆ ਇੱਕ ਅਨਮੋਲ ਤੋਹਫਾ ਹੈ, ਜੇਕਰ ਪੁੱਤਰ ਸਾਡਾ ਮਾਣ ਹਨ ਤਾਂ ਧੀਆਂ ਵੀ ਵਰਦਾਨ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਉੱਘੀ ਸਮਾਜ ਸੇਵਕਾ ਡਾ. ਸੋਨੀਆ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਇਸ ਜ਼ਿੰਦਗੀ, ਵਿੱਚ ਵਿੱਦਿਆ,ਪਿਆਰ ਮੁਹੱਬਤ ਅਤੇ ਮਾਪਿਆਂ 'ਤੇ ਵੀ ਧੀਆਂ ਦਾ ਬਰਾਬਰ ਦਾ ਹੱਕ ਹੈ, ਪਰ ਸਾਡੇ ਸਮਾਜ ਦੀ ਇਹ ਮਾਨਸਿਕਤਾ ਹੈ ਕਿ ਅਸੀਂ ਕੁੜੀਆਂ ਨੂੰ ਜਨਮ ਦੇਣ ਤੋਂ ਤਾਂ ਡਰਦੇ ਹਾਂ ਪਰੰਤੂ ਕੰਜਕਾਂ ਪੂਜਣ ਵੇਲੇ ਘਰਾਂ ਵਿੱਚੋਂ ਕੁੜੀਆਂ ਨੂੰ ਲੱਭ ਲੱਭ ਕੇ ਕੰਜਕਾਂ ਪੂਜਦੇ ਹਾਂ।

ਧੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਰ ਦੇਣ ਨਾਲ ਜਿੱਥੇ ਲੜਕਾ-ਲੜਕੀਆਂ ਦੇ ਲਿੰਗ ਅਨੁਪਾਤ ਤੇ ਬੁਰਾ ਅਸਰ ਪੈਂਦਾ ਹੈ ਉੱਥੇ ਹੋਰ ਸਮਾਜਕ ਬੁਰਾਈਆਂ ਵੀ ਪੈਦਾ ਹੁੰਦੀਆਂ ਹਨ। ਅੱਜ ਦੇ ਸਮੇਂ ਵਿੱਚ ਹਰ ਖੇਤਰ ਵਿੱਚ ਕੁੜੀਆਂ ਨਾਮਣਾ ਖੱਟ ਕੇ ਆਪਣੇ ਮਾਤਾ ਪਿਤਾ ਦਾ ਸਿਰ ਮਾਣ ਨਾਲ ਉੱਚਾ ਕਰ ਰਹੀਆਂ ਹਨ ਅਤੇ ਅੱਜ ਕਈ ਸਰਕਾਰੀ ਅਹੁਦਿਆਂ 'ਤੇ ਬੈਠ ਕੇ ਲੜਕੀਆਂ ਇੱਕ ਲੜਕੀ ਅਤੇ ਲੜਕੇ ਦੇ ਫਰਕ ਨੂੰ ਫਿੱਕਾ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੱਚੀਆਂ ਦੇ ਮਾਪਿਆਂ ਨੂੰ ਬੱਚੀਆਂ ਦੀ ਸਿਹਤ ਸੰਭਾਲ ਅਤੇ ਸਿੱਖਿਆ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਸਿੱਖਿਆ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ।

# ਮਾਨ ਸਰਕਾਰ ਦੇ ਮਤਰੇਏ ਵਤੀਰੇ ਕਰਕੇ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ 'ਚ ਭਾਰੀ ਰੋਸ

ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਹਰ ਸਾਲ ਦੀਵਾਲੀ ਦੇ ਤਿਉਹਾਰ ਦੇ ਮੌਕੇ ਹਰ ਵਰਗ ਦੇ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰ ਤੋਂ ਇਹ ਆਸ ਹੁੰਦੀ ਹੈ ਕਿ ਇਸ ਵਾਰ ਸਰਕਾਰ ਉਹਨਾਂ ਲਈ ਕੋਈ ਚੰਗਾ ਫੈਸਲਾ ਲਵੇਗੀ। ਹਰ ਵਰਗ ਦੇ ਸਰਕਾਰੀ ਮੁਲਾਜ਼ਮ ਨੂੰ ਦੀਵਾਲੀ ਮੌਕੇ ਰੈਗੂਲਰ ਕਰਕੇ ਜਾਂ ਤਨਖਾਹਾਂ ਵਿੱਚ ਵਾਧਾ ਕਰਕੇ ਦੀਵਾਲੀ ਦਾ ਤਿਉਹਾਰ ਰੌਸ਼ਨ ਕਰਨ ਦੀ ਸਰਕਾਰਾਂ ਦੀ ਕੋਸ਼ਿਸ਼ ਹੁੰਦੀ ਹੈ ਪਰੰਤੂ ਇਸ ਸਾਲ ਵੀ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿੱਚ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਬਹੁਤ ਮੁਸ਼ਕਲਾਂ ਨਾਲ ਆਪਣੇ ਪਰਵਾਰਾਂ ਦਾ ਪੇਟ ਪਾਲਣ ਵਾਲੇ ਠੇਕਾ ਮੁਲਾਜ਼ਮਾਂ ਨਾਲ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਇਨ੍ਹਾਂ ਮੁਲਾਜ਼ਮਾਂ ਦੀ ਤਨਖਾਹ ਘੱਟ ਹੋਣ ਕਾਰਨ ਘਰ ਦੇ ਗੁਜ਼ਾਰੇ ਚਲਾਉਣੇ ਪਹਿਲਾਂ ਹੀ ਮੁਸ਼ਕਲ ਹੋਏ ਪਏ ਹਨ। ਪਹਿਲੀਆਂ ਸਰਕਾਰਾਂ ਵਾਂਗ ਇਸ ਸਾਲ ਵੀ ਇਹਨਾਂ ਕੱਚੇ ਮੁਲਾਜ਼ਮਾਂ ਦੀ ਦੀਵਾਲੀ ਦੇ ਦੀਵੇ ਬੁਝੇ ਹੀ ਰਹਿਣਗੇ। ਇਸ ਸੰਬੰਧੀ ਨੈਸ਼ਨਲ ਹੈਲਥ ਮਿਸ਼ਨ ਇੰਪਲਾਈਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨੀਤੂ ਸਰਮਲ ਦੱਸਿਆ ਕਿ ਇਸ ਵਾਰ ਫਿਰ ਪਹਿਲਾਂ ਆਈਆਂ ਸਰਕਾਰਾਂ ਦੀ ਤਰਜ਼ 'ਤੇ ਠੇਕਾ ਮੁਲਾਜ਼ਮਾਂ ਨੂੰ ਦੀਵਾਲੀ ਮੌਕੇ ਕੁਝ ਵੀ ਨਾ ਦੇ ਕੇ ਫਿਰ ਕਾਲੀ ਦੀਵਾਲੀ ਕਰ ਦਿੱਤੀ ਹੈ। ਸਿਹਤ ਵਿਭਾਗ ਦੇ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਵਿੱਚ ਆਪ ਸਰਕਾਰ ਦੀ ਟਾਲਮਟੋਲ ਵਾਲੀ ਬਦਨੀਤੀ ਨੂੰ ਲੈ ਕੇ ਜ਼ਬਰਦਸਤ ਰੋਸ ਪਾਇਆ ਜਾ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਸਿਹਤ ਸੇਵਾਵਾਂ ਨੂੰ ਠੱਪ ਕਰਦੇ ਹੋਏ ਇਹ ਮੁਲਾਜ਼ਮ ਸਰਕਾਰ ਦੇ ਖਿਲਾਫ ਪੰਜਾਬ ਅਤੇ ਹਿਮਾਚਲ ਦੀਆਂ ਸੜਕਾਂ ਤੇ ਉੱਤਰ ਸਕਦੇ ਹਨ। ਇਸ ਮੌਕੇ ਤਰੁਨਜੀਤ, ਸੁਮੀਤ ਸਰਮਾ,ਸੰਦੀਪ ਕੁਮਾਰ, ਜਸਪ੍ਰੀਤ ਕੌਰ,ਮੀਨੂ ਸੈਣੀ,ਬਿਨੀ, ਉਮੇਸ਼ ਮਲਿਕ, ਡਾਕਟਰ ਵਰੁਣ ਵਸ਼ਿਸ਼ਟ, ਡਾਕਟਰ ਰਵੀ, ਆਸਾ ਨੰਦ, ਡਾਕਟਰ ਕਲਸੀ ਆਦਿ ਹਾਜ਼ਰ ਸਨ ।

# ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਚੇਤਨਾ ਸਮਾਗਮ30 ਨੂੰ

ਹੁਸ਼ਿਆਰਪੁਰ (ਓ.ਪੀ.ਰਾਣਾ) ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਅਤੇ ਸਰਬੱਤ ਦੇ ਭਲੇ ਲਈ ਚੌਥਾ "ਗੁਰੂ ਮਾਨਿਓ ਚੇਤਨਾ ਗ੍ਰੰਥ" ਚੇਤਨਾ ਸਮਾਗਮ 30 ਅਕਤੂਬਰ ਦਿਨ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 3 ਵਜੇ ਤੱਕ ਪਿੰਡ ਸ਼ੇਰਪੁਰ ਖਾਮ ਨਜ਼ਦੀਕ ਹਰਿਆਣਾ ਦਸੂਹਾ ਰੋਡ ਹੁਸ਼ਿਆਰਪੁਰ ਵਿਖੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਾਇਆ ਜਾ ਰਿਹਾ ਹੈ। ਚੇਤਨਾ ਸਮਾਗਮ ਸੰਬੰਧੀ 108 ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਨੂੰ ਉਚੇਚੇ ਤੌਰ 'ਤੇ ਸ਼ਾਮਲ ਹੋਣ ਲਈ ਸੱਦਾ ਪੱਤਰ ਦੇਣ ਆਏ ਭਾਈ ਪਰਮਜੀਤ ਸਿੰਘ ਲਾਂਬੜਾ,ਭਾਈ ਬਲਕਾਰ ਸਿੰਘ ਹੈਪੀ,ਭਾਈ ਕੁਲਦੀਪ ਸਿੰਘ ਬਸੀ ਮਰੂਫ,ਬਲਜੀਤ ਸਿੰਘ ਲੰਬੜਦਾਰ,ਮਨਪ੍ਰੀਤ ਸਿੰਘ ਸ਼ੇਰਪੁਰ,ਨਿਰੰਜਣ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਸ਼ੇਰਪੁਰ ਖਾਮ ਨੇ ਦੱਸਿਆ ਕਿ ਸਵੇਰੇ 8 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਕੀਰਤਨ ਦੇ ਦੀਵਾਨਾਂ ਦੀ ਆਰੰਭਤਾ ਕੀਤੀ ਜਾਵੇਗੀ ਜਿਸ ਵਿੱਚ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸੰਤ ਬਾਬਾ ਸੁਖਦੇਵ ਸਿੰਘ ਖੋਜਕੀਪੁਰ ਕੀਰਤਨ ਰਾਂਹੀ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਹਰਜਿੰਦਰ ਸਿੰਘ ਪ੍ਰਧਾਨ ਗੁਰਸਿੱਖ ਮਹਾਂਸਭਾ,ਹਰਦੇਵ ਸਿੰਘ ਕੌਸ਼ਲ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

# ਜ਼ੋਨ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਦੇ ਟਰਾਇਲ 26 ਤੋਂ

ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਇੱਥੇ ਗੁਰਸ਼ਰਨ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਹੁਸ਼ਿਆਰਪੁਰ ਅਤੇ ਪ੍ਰਧਾਨ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੀ ਪ੍ਰਧਾਨਗੀ ਹੇਠ ਟੂਰਨਾਮੈਂਟ ਕਮੇਟੀ ਦੀ ਮੀਟਿੰਗ ਹੋਈ ਜਿਸ ਵਿੱਚ ਸਿੱਖਿਆ ਵਿਭਾਗ ਦੇ ਹੁਕਮਾਂ ਅਨੁਸਾਰ ਜ਼ੋਨ, ਜ਼ਿਲ੍ਹਾ ਅਥਲੈਟਿਕਸ ਖੇਡਾਂ ਅਤੇ ਟਰਾਇਲ ਵਾਲੀਆਂ ਖੇਡਾਂ ਕਰਵਾਉਣ ਸੰਬੰਧੀ ਵਿਚਾਰ ਕੀਤਾ ਗਿਆ ਜਿਸ ਅਨੁਸਾਰ ਜ਼ਿਲ੍ਹਾ ਪੱਧਰੀ ਖੇਡਾਂ ਟਰਾਇਲ ਵਾਲੀਆਂ ਮਿਤੀ 26 ਤੋਂ 27 ਅਕਤੂਬਰ ਤੱਕ, ਜ਼ੋਨਲ ਅਥਲੈਟਿਕਸ ਮੀਟ ਮਿਤੀ 28 ਤੋਂ 31 ਅਕਤੂਬਰ ਤੱਕ ਅਤੇ ਕਿੱਕ ਬਾਕਸਿੰਗ ਦੇ ਟਰਾਇਲ ਮਿਤੀ 1 ਤੋਂ 2 ਨਵੰਬਰ ਤੱਕ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਮੀਟਿੰਗ ਵਿੱਚ ਧੀਰਜ ਵਸ਼ਿਸ਼ਟ ਉਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਤੋਂ ਇਲਾਵਾ ਪ੍ਰਿੰਸੀਪਲ ਸਤਿੰਦਰ ਦੀਪ ਕੌਰ, ਮੁੱਖ ਅਧਿਆਪਕਾ ਦੀਪਤੀ ਢਿੱਲੋਂ, ਪ੍ਰਭਜੋਤ ਸਿੰਘ, ਹੰਸ ਰਾਜ, ਦਵਿੰਦਰ ਸਿੰਘ, ਠਾਕੁਰ ਕਰਨ ਮਹਿਤਾ, ਜਗਦੀਸ਼ ਬਹਾਦਰ ਸਿੰਘ, ਹਰਦੀਪ ਸਿੰਘ ਹਾਜ਼ਰ ਸਨ। ਇਹ ਜਾਣਕਾਰੀ ਦਲਜੀਤ ਸਿੰਘ ਡੀ.ਐੱਮ.ਸਪੋਰਟਸ ਨੇ ਦਿੱਤੀ।

# ਦੁਕਾਨਦਾਰ ਦੇ ਕਤਲ... (ਸਫ਼ਾ 1 ਦੀ ਬਾਕੀ)

ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਸ਼ੂਟਰਾਂ ਦੀ ਪਛਾਣ ਤਰਨ ਤਾਰਨ ਦੇ ਪਿੰਡ ਸ਼ੇਰੋਂ ਦੇ ਗੁਰਕੀਰਤ ਸਿੰਘ ਉਰਫ ਘੁੱਗੀ ਅਤੇ ਤਰਨ ਤਾਰਨ ਦੇ ਨੌਸ਼ਹਿਰਾ ਪੰਨੂਆਂ ਦੇ ਅਜਮੀਤ ਸਿੰਘ ਵਜੋਂ ਹੋਈ ਹੈ। ਉਨ੍ਹਾ ਦੱਸਿਆ ਕਿ ਦੋ ਹੋਰ ਵਿਅਕਤੀ, ਜੋ ਸ਼ੂਟਰਾਂ ਨੂੰ ਹਥਿਆਰ ਅਤੇ ਹੋਰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਦੇ ਸਨ, ਦੀ ਪਛਾਣ ਬਟਾਲਾ ਦੇ ਹਰਮਨਜੋਤ ਅਤੇ ਅਕਾਸ਼ਦੀਪ ਵਜੋਂ ਹੋਈ ਹੈ। ਪੁਲਸ ਨੇ ਇਨ੍ਹ ਕੋਲੋਂ ਦੋ 9 ਐੱਮ ਐੱਮ ਅਤੇ ਦੋ .30 ਬੋਰ ਸਮੇਤ ਚਾਰ ਪਿਸਤੌਲ ਵੀ ਬਰਾਮਦ ਕੀਤੇ ਹਨ।

ਇਹ ਕਾਰਵਾਈ ਇਸ ਕੇਸ ਵਿਚ ਦੋ ਵਿਅਕਤੀਆਂ ਦੀ ਗ੍ਰਿਫਤਾਰੀ ਤੋਂ ਚਾਰ ਦਿਨ ਬਾਅਦ ਅਮਲ ਵਿੱਚ ਲਿਆਂਦੀ ਗਈ, ਜਿਨ੍ਹਾਂ ਦੀ ਪਛਾਣ ਤਰਨ ਤਾਰਨ ਦੇ ਪਿੰਡ ਸ਼ੇਰੋਂ ਦੇ ਰਵੀਸ਼ੇਰ ਸਿੰਘ ਉਰਫ ਰਵੀ ਅਤੇ ਤਰਨ ਤਾਰਨ ਦੇ ਨੌਸ਼ਹਿਰਾ ਪੰਨੂਆਂ ਦੇ ਵਰਿੰਦਰ ਸਿੰਘ ਉਰਫ ਭਿੰਡੀ ਵਜੋਂ ਹੋਈ ਹੈ, ਜਿਨ੍ਹਾਂ ਇਸ ਮਾਮਲੇ ਵਿੱਚ ਰੇਕੀ ਅਤੇ ਗੋਲੀਬਾਰੀ ਨੂੰ ਅੰਜਾਮ ਦਿੱਤਾ ਸੀ। ਪੁਲਸ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .30 ਬੋਰ ਦਾ ਪਿਸਤੌਲ ਅਤੇ ਦੋ ਕਾਰਾਂ, ਜਿਨਾਂ ਵਿੱਚ ਹੁੰਡਈ ਵਰਨਾ ਅਤੇ ਵੋਲਕਸਵੈਗਨ ਵੈਂਟੋ ਸ਼ਾਮਲ ਹਨ, ਜੋ ਕਿ ਅਪਰਾਧ ਵਿੱਚ ਵਰਤੀਆਂ ਗਈਆਂ ਸਨ, ਵੀ ਬਰਾਮਦ ਕੀਤੀਆਂ ਹਨ।

ਪੁਲਸ ਕਮਿਸ਼ਨਰ ਅੰਮ੍ਰਿਤਸਰ ਅਰੁਣ ਪਾਲ ਸਿੰਘ ਨੇ ਦੱਸਿਆ ਕਿ ਭਰੋਸੇਮੰਦ ਸੂਚਨਾਵਾਂ ਦੇ ਆਧਾਰ 'ਤੇ ਤਰਨ ਤਾਰਨ ਪੁਲਸ, ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਨੇ ਇੱਕ ਸਾਂਝੇ ਅਪ੍ਰੇਸ਼ਨ ਦੌਰਾਨ ਚਾਰੋਂ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਫੜੇ ਗਏ ਵਿਅਕਤੀ ਲੰਡਾ ਅਤੇ ਰਿੰਦਾ ਦੇ ਇਸ਼ਾਰੇ 'ਤੇ ਅੰਮ੍ਰਿਤਸਰ ਦੇ ਇਲਾਕੇ 'ਚ ਇਕ ਹੋਰ ਟਾਰਗੇਟ ਕਿਲਿੰਗ ਨੂੰ ਅੰਜ਼ਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ।

ਤਰਨ ਤਾਰਨ ਦੇ ਐੱਸ ਐੱਸ ਪੀ ਰਣਜੀਤ ਸਿੰਘ ਢਿੱਲੋਂ ਨੇ ਖੁਲਾਸਾ ਕੀਤਾ ਕਿ ਗੁਰਜੰਟ ਅਤੇ ਉਸ ਦੇ ਚਚੇਰੇ ਭਰਾ ਅਰਸ਼ਦੀਪ ਸਿੰਘ ਉਰਫ ਬਾਟੀ, ਜੋ ਕਿ ਸਤਨਾਮ ਸੱਤਾ ਅਤੇ ਲੰਡਾ ਦਾ ਕਰੀਬੀ ਹੈ, ਵਿਚਕਾਰ ਪਰਵਾਰਕ ਝਗੜਾ ਚੱਲ ਰਿਹਾ ਸੀ ਅਤੇ ਉਸ ਨੂੰ ਦਿੱਲੀ ਸਪੈਸ਼ਲ ਸੈੱਲ ਨੇ ਕੁਰੂਕਸ਼ੇਤਰ ਆਈ ਈ ਡੀ ਪਲਾਂਟਿੰਗ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਲੰਡਾ ਅਤੇ ਸੱਤਾ ਨੇ ਗੁਰਜੰਟ, ਜੋ ਕਿ ਉਹਨਾਂ ਦੇ ਅਨੁਸਾਰ ਪੁਲਸ ਦਾ ਮੁਖਬਰ ਸੀ ਅਤੇ ਅਰਸ਼ਦੀਪ ਬਾਟੀ ਨੂੰ ਗ੍ਰਿਫਤਾਰ ਕਰਵਾਉਣ ਵਿੱਚ ਵੀ ਗੁਰਜੰਟ ਦੀ ਅਹਿਮ ਭੂਮਿਕਾ ਸੀ, ਦਾ ਕਤਲ ਕਰਕੇ ਬਾਟੀ ਦੀ ਗ੍ਰਿਫਤਾਰੀ ਦਾ ਬਦਲਾ ਲਿਆ।

ਜ਼ਿਕਰਯੋਗ ਹੈ ਕਿ ਥਾਣਾ ਸਦਰ ਤਰਨ ਤਾਰਨ ਵਿਖੇ ਆਈ ਪੀ ਸੀ ਦੀ ਧਾਰਾ 302, 506 ਅਤੇ 120-ਬੀ ਅਤੇ ਅਸਲਾ ਐਕਟ ਦੀ ਧਾਰਾ 25/ 54/ 59 ਤਹਿਤ ਐੱਫ ਆਈ ਆਰ ਨੰਬਰ 200 ਮਿਤੀ 11.10.2022 ਨੂੰ ਮਾਮਲਾ ਪਹਿਲਾਂ ਹੀ ਦਰਜ ਹੈ।

# ਸਰਕਾਰ ਨੇ ਨਗਰ ਨਿਗਮ ਦੇ 140 ਸਫਾਈ ਸੇਵਕਾਂ/ਸੀਵਰਮੈਨਾਂ ਨੂੰ ਕੀਤਾ ਰੈਗੂਲਰ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਵਿਰੋਧੀ ਧਿਰਾਂ ਵੱਲੋਂ ਪਾਏ ਜਾ ਰਹੇ ਰੌਲੇ ਨੂੰ ਦਰਕਿਨਾਰ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਚ ਜੇਕਰ ਕਿਸੇ ਨੇ ਸਰਕਾਰੀ ਨੌਕਰੀ ਕਰਨੀ ਹੈ ਤਾਂ ਉਸ ਨੂੰ ਪੰਜਾਬੀ ਵਿਸ਼ਾ ਪਾਸ ਕਰਨਾ ਲਾਜ਼ਮੀ ਹੈ। ਬਾਹਰੋਂ ਆਉਣ ਵਾਲਿਆਂ ਨੂੰ ਪੰਜਾਬੀ ਦਾ ਵੱਖਰਾ ਟੈਸਟ 50 ਫੀਸਦੀ ਅੰਕਾਂ ਨਾਲ ਪਾਸ ਕਰਨਾ ਪਵੇਗਾ। ਇਸ ਯੋਗਤਾ ਤੋਂ ਬਿਨਾਂ ਕਿਸੇ ਨੂੰ ਵੀ ਸੂਬੇ ਵਿੱਚ ਸਰਕਾਰੀ ਨੌਕਰੀ ਨਹੀਂ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਵਿਰੋਧੀ ਧਿਰਾਂ ਇਸ ਮਸਲੇ ਉੱਤੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ।

ਡਾ: ਨਿੱਜਰ ਇੱਥੇ ਨਗਰ ਨਿਗਮ ਦਫਤਰ ਵਿਖੇ ਹੋਏ ਸਮਾਗਮ ਦੌਰਾਨ ਕਰੀਬ 140 ਸਫਾਈ ਸੇਵਕਾਂ/ ਸੀਵਰਮੈਨਾਂ ਨੂੰ ਨਿਯੁਕਤੀ ਪੱਤਰ ਵੰਡਣ ਲਈ ਪਹੁੰਚੇ ਸਨ। ਵਿਸ਼ਾਲ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਤੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਗਰ ਨਿਗਮ ਮੋਗਾ ਵਿੱਚ ਪਿਛਲੇ ਕਈ ਸਾਲਾਂ ਤੋਂ ਕੰਮ ਕਰ ਰਹੇ 140 ਸਫਾਈ ਸੇਵਕਾਂ/ਸੀਵਰਮੈਨਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਕੇ ਇਨ੍ਹਾਂ ਕਰਮੀਆਂ ਨੂੰ ਦੀਵਾਲੀ ਦਾ ਤੋਹਫਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਨਾਲ ਮੋਗਾ ਦੇ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਕੁਲਵੰਤ ਸਿੰਘ, ਜ਼ਿਲ੍ਹਾ ਪੁਲਸ ਮੁਖੀ ਗੁਲਨੀਤ ਸਿੰਘ ਖੁਰਾਨਾ, ਨਗਰ ਨਿਗਮ ਮੋਗਾ ਦੇ ਮੇਅਰ ਸ੍ਰੀਮਤੀ ਨੀਤਿਕਾ ਭੱਲਾ, ਕਮਿਸ਼ਨਰ ਸ੍ਰੀਮਤੀ ਜਯੋਤੀ ਬਾਲਾ ਮੱਟੂ, ਆਪ ਦੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਤੋਂ ਇਲਾਵਾ ਕਈ ਹੋਰ ਵੀ ਮੌਜੂਦ ਸਨ।

ਇਸ ਮੌਕੇ ਕੈਬਨਿਟ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ ਉੱਤੇ ਦਿੱਤੀਆਂ ਜਾਣਗੀਆਂ, ਕਿਉਂਕਿ ਉਨ੍ਹਾਂ ਦੀ ਸਰਕਾਰ ਪਾਰਟੀਬਾਜ਼ੀ ਨੂੰ ਸਾਹਮਣੇ ਰੱਖ ਕੇ ਕੰਮ ਨਹੀਂ ਕਰ ਰਹੀ। ਇਸ ਤੋਂ ਪਹਿਲਾਂ ਮੋਗਾ ਦੇ ਮੇਅਰ ਨੀਤਿਕਾ ਭੱਲਾ ਵੱਲੋਂ ਸ਼ਹਿਰ ਦੇ ਵਿਕਾਸ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਆਪਣੇ ਸੰਬੋਧਨ ਦੌਰਾਨ ਸ਼ਹਿਰ ਦੀਆਂ ਮੁੱਖ ਮੰਗਾਂ ਉੱਤੇ ਧਿਆਨ ਦਿਵਾਇਆ। ਸਮਾਗਮ ਨੂੰ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਵੀ ਸੰਬੋਧਨ ਕੀਤਾ।


## ਕਲਾਸੀਫਾਈਡ ਇਸ਼ਤਿਹਾਰ

**ਬੇਦਖਲੀ ਨੋਟਿਸ**

ਅਸੀਂ, ਸੁਰੇਸ਼ ਕੁਮਾਰ ਪੁੱਤਰ ਜਗਤ ਰਾਮ ਅਤੇ ਸੁਮਨ ਲਤਾ ਪਤਨੀ ਸੁਰੇਸ਼ ਕੁਮਾਰ ਵਾਸੀਆਨ ਬੀ-11/286/4, ਗੁਰੂ ਨਾਨਕ ਪੁਰਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਸ਼ਾਲ ਘਈ ਅਤੇ ਇਸ ਦੀ ਪਤਨੀ ਮਨਪ੍ਰੀਤ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

**Change of Name**

I, hitherto Known as Jaswant Ram s/o Gurmit Ram r/o VPO. Lallian Kalan, Distt.Jalandhar (PB) have changed my name and shall hereafter be known as Jaswant Singh. I change my name only not religion.

I, Varinder Mohan S/o Mohan Lal R/o Umarpura Road Opp Gill Palace, New Mahajan Colony, Batala, Gurdaspur, Punjab-143505, have changed my name as Varinder Mohan Parhwal. All Please Note.

**Change of Name**

I, Kavita Kumari W/o Rakesh Kumar R/o H.No.506, Sodal Road, Preet Nagar, Jalandhar-144004 have changed my name to Kavita, after marriage. All Please Note.

I, Deepti Kanda W/o Varinder Mohan Parhwal R/o Umarpura Road, New Mahajan Colony, Opposite Gill Palace, Batala, Gurdaspur, Punjab-143505 have changed my name as Deepti Parhwal. All Please Note.

I, Manjit Kumar S/o Buta Ram R/o Vill. Dhaliwal Qadian, Po. Basti Guzan, Jalandhar, Punjab have changed my name from Manjit Kumar to Manjit Kumar Saroay (Surname as Saroay). All Please Note.

I, Abhilash Kumar S/o Tajinder Kumar R/o Sant Nagar, Post Office Dinanagar, Tehsil Gurdaspur, Punjab-143531, have changed my name as Avinoor Singh. All Please Note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

**Baba Moni Ji Maharaj College of Nursing**
**Lehra Mohabhat (Bathinda)-151111**

**Affiliated to B.F.U.H.S Faridkot**

**Last Opportunity to get Admission in Session 2022-23 for B.Sc. Nursing**

**Physical Counselling at College Campus on 28/10/2022**

Visit College Campus for Admission & Guidance on or before 27/10/2022. Cont. 98770-27771, 0164-2753318, Email : moni_college@yahoo.in

**Public Notice**

It hereby informs to public at large that R.H Sports Co has avail loan from AU SMALL FINANCE BANK LIMITED have its branch office at Jalandhar. That N Anita Bedi w/o Rachpal Singh is owner of House no. 270 measuring 3 Marla 240 sq. ft. comprising under Khasra No. 28//6, 7, 14, 15/1, 16/1, 17, 29//8/2, 9, 10, 11/1, 11/2, 11/3, 12/1, 29//12/2, 12/3, 13/1, 13/2, 13/3, 13/4, 20/2, 29//14, 28//16/2, situated at Village Gadaipur, Tehsil and Distt. Jalandhar vide Sale Deed No. 2311 dated 27.07.2015 This property was earlier owned by owned by Jalandhar Construction Company and Ashok Kumar s/o Baid Nath authorised signatory Jalandhar Construction Company executed a GPA in favour of Avtar Singh s/o Ajaib Singh vide GPA no. 6224 dated 23.11.2010, SR – Jalandhar and Avtar Singh s/o Ajaib Singh as GPA of Ashok Kumar s/o Baid Nath authorised signatory Jalandhar Construction Company executed a SPA in favour of Sukhdev Singh s/o Faqir chand vide SPA no. 6461 dated 05.01.2012 and Sukhdev Singh s/o Faqir chand as SPA of Avtar Singh s/o Ajaib Singh as GPA of Ashok Kumar s/o Baid Nath authorised signatory of Jalandhar Construction Company executed a sale deed for area measuring 3 Marlas 240 Sq. Feet in favour of Bhupinder Singh s/o Satnam Singh vide sale deed no. 1226 dated 26.05.2015, which is duly mutated vide mutation no. 4882 and Bhupinder Singh s/o Satnam Singh executed a sale deed for area measuring 3 marlas 240 sq. ft. in favour of Anita Bedi w/o Rachpal Singh vide Sale Deed No. 2311 dated 27.07.2015, which is duly mutated vide Mutation No. 4944. Earlier Sale Deed NO. 1226 dated 26.05.2015 has been lost and DDR NO. 27279/2022 DATED 18.09.2022 has been registered. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

Description of Property :-

House no. 270 measuring 3 Marla 240 sq. ft. comprising under Khasra No. 28//6, 7, 14, 15/1, 16/1, 17, 29//8/2, 9, 10, 11/1, 11/2, 11/3, 12/1, 29//12/2, 12/3, 13/1, 13/2, 13/3, 13/4, 20/2, 29//14, 28//16/2, situated at Village Gadaipur, Tehsil and Distt. Jalandhar Boundaries- as Per Sale Deed as under:

East: Others West: Road North: House no. 270-A South : House no. 271

Lalit Kakkar (Advocate)
Off. : Chamber No. 24, New Courts, Jalandhar. M.No. 98761-07449

2D-OCT-PAGE-7.qxd 10/23/2022 9:20 PM Page 1



### ਮਾਮਲਾ ਸੀਵਰਮੈਨਾਂ ਨੂੰ ਨੰਗੇ ਧੜ ਸੀਵਰੇਜ ਹੋਲ 'ਚ ਉਤਾਰਨ ਦਾ

# ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ 'ਤੇ ਹੋਵੇਗੀ ਕਾਰਵਾਈ : ਪੂਨਮ ਕਾਂਗੜਾ



**ਸੰਗਰੂਰ** (**ਪ੍ਰਵੀਨ ਸਿੰਘ**)-ਸੀਵਰੇਜ ਹੋਲਾਂ ਦੀ ਸਫਾਈ ਕਰਵਾਉਣ ਲਈ ਬੀਨਾਂ ਸੇਫਟੀ ਕਿੱਟਾਂ ਦੇ ਨੰਗੇ ਧੜ ਸੀਵਰਮੈਨਾਂ ਨੂੰ ਸੀਵਰੇਜ ਹੋਲ ਵਿੱਚ ਉਤਾਰਨ ਦੇ ਮਾਮਲੇ 'ਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸਖਤ ਕਾਰਵਾਈ ਕਰਨ ਦੇ ਮੂਢ ਵਿੱਚ ਨਜ਼ਰ ਆ ਰਿਹਾ ਹੈ, ਜਿਸ ਨੂੰ ਲੈ ਕੇ ਸਬੰਧਤ ਅਧਿਕਾਰੀਆਂ 'ਤੇ ਵੱਡੀ ਗਾਜ ਡਿੱਗ ਸਕਦੀ ਹੈ। ਇਸ ਸਬੰਧੀ ਮੈਡਮ ਪੂਨਮ ਕਾਂਗੜਾ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਕਿਹਾ ਕਿ ਸੀਵਰੇਜ ਹੋਲਾਂ ਦੀ ਵਿੱਚ ਵੜ ਕੇ ਸਫਾਈ ਕਰਨ ਸਮੇਂ ਅਨੇਕਾਂ ਹੀ ਐੱਸ ਸੀ ਵਰਗ ਨਾਲ ਸਬੰਧਤ ਸੀਵਰਮੈਨ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ, ਪ੍ਰੰਤੂ ਫਿਰ ਵੀ ਸਬੰਧਤ ਅਧਿਕਾਰੀਆਂ ਵੱਲੋਂ ਬਿਨਾਂ ਕਿਸੇ ਖੌਫ ਦੇ ਸੀਵਰਮੈਨਾਂ ਨੂੰ ਬਿਨਾਂ ਸੇਫਟੀ ਕਿੱਟਾਂ ਦੇ ਵਾਰ ਵਾਰ ਨੰਗੇ ਧੜ ਹੀ ਜਬਰਨ ਸੀਵਰੇਜ ਹੋਲਾਂ ਵਿੱਚ ਉਤਾਰਿਆ ਜਾਂਦਾ ਹੈ, ਅਜਿਹਾ ਕਰਨ ਵਾਲੇ ਅਧਿਕਾਰੀਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਮੈਡਮ ਪੂਨਮ ਕਾਂਗੜਾ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰੋਜ਼ਾਨਾ ਹੀ ਉਹ ਸੀਵਰਮੈਨਾਂ ਨੂੰ ਬਿਨਾਂ ਸੇਫਟੀ ਕਿੱਟਾਂ ਦੇ ਸੀਵਰੇਜ ਹੋਲਾਂ ਅੰਦਰ ਸਬੰਧਤ ਅਧਿਕਾਰੀਆਂ ਵੱਲੋਂ ਸਫਾਈ ਕਰਵਾਉਣ ਦੀਆਂ ਖਬਰਾਂ ਪੜ੍ਹਦੇ ਹਨ। ਸੀਵਰਮੈਨਾਂ ਨੂੰ ਬਿਨਾਂ ਸੇਫਟੀ ਕਿੱਟਾਂ ਦੇ ਸਫਾਈ ਕਰਦਾ ਦੇਖਦੇ ਹਨ ਤਾਂ ਉਨ੍ਹਾਂ ਦੇ ਮਨ ਨੂੰ ਬੜੀ ਤਕਲੀਫ ਹੁੰਦੀ ਹੈ।

ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਇਨ੍ਹਾਂ ਦੀ ਸੇਫਟੀ ਲਈ ਲੋੜ ਅਨੁਸਾਰ ਫੰਡ ਜਾਰੀ ਕੀਤੇ ਜਾਂਦੇ ਹਨ, ਪ੍ਰੰਤੂ ਕਥਿਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਉਹ ਫੰਡ ਖੁਰਦ-ਬੁਰਦ ਕੀਤੇ ਜਾਂਦੇ ਹਨ ਤੇ ਸੀਵਰਮੈਨਾਂ ਤੇ ਸਫਾਈ ਕਰਮਚਾਰੀਆਂ ਨੂੰ ਸੇਫਟੀ ਕਿੱਟਾਂ ਤੱਕ ਮੁਹੱਈਆ ਨਹੀਂ ਕਰਵਾਈਆਂ ਜਾਂਦੀਆਂ, ਅਜਿਹੇ ਅਧਿਕਾਰੀਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ।

# ਮਾਲਵਾ ਕਾਲਜ ਬੌਂਦਲੀ-ਸਮਰਾਲਾ ਵਿਖੇ ਇਨਾਮ ਵੰਡ ਸਮਾਰੋਹ



**ਸਮਰਾਲਾ** (**ਸੁਰਜੀਤ ਸਿੰਘ**)-ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਦੇ ਸਹਿਯੋਗ ਨਾਲ ਮਾਲਵਾ ਕਾਲਜ ਬੌਂਦਲੀ ਸਮਰਾਲਾ ਵਿੱਚ ਇਨਾਮ ਵੰਡ ਸਮਾਰੋਹ ਕੀਤਾ ਗਿਆ। ਇਸ ਲੜੀ ਵਿੱਚ ਪਹਿਲਾਂ ਹੀ ਪੋਸਟਰ ਮੇਕਿੰਗ, ਸਲੋਗਨ ਲਿਖਣ, ਡੈਕਲਾਮੇਸ਼ਨ ਦੇ ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਵਿੱਚ ਪਹਿਲਾਂ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਅਰਸ਼ਦੀਪ ਕੌਰ ਬੀ.ਐੱਸ.ਸੀ. ਭਾਗ ਤੀਜਾ, ਦੂਜਾ ਸਥਾਨ ਆਰਤੀ ਬੀ.ਐੱਸ.ਸੀ. ਭਾਗ ਦੂਜਾ ਤੇ ਤੀਜਾ ਸਥਾਨ ਗੀਟਾ ਰਾਣੀ ਬੀ. ਏ. ਭਾਗ ਦੂਜਾ ਨੇ ਹਾਸਲ ਕੀਤਾ, ਜਦਕਿ ਸਲੋਗਨ ਲਿਖਣ ਮੁਕਾਬਲੇ ਵਿੱਚ ਪਹਿਲਾ ਸਥਾਨ ਸਿਮਰਨਜੀਤ ਕੌਰ ਬੀ. ਏ. ਭਾਗ ਦੂਜਾ, ਦੂਜਾ ਸਥਾਨ ਨੈਨਸੀ ਸੱਲਣ ਬੀ.ਕਾਮ ਭਾਗ ਤੀਜਾ ਤੇ ਤੀਜਾ ਸਥਾਨ ਅੰਜ਼ਲੀ ਬੀ.ਐੱਸ.ਸੀ. ਭਾਗ ਦੂਜਾ ਦੀ ਵਿਦਿਆਰਥਣ ਨੇ ਹਾਸਲ ਕੀਤਾ। ਡੈਕਲਾਮੇਸ਼ਨ ਵਿੱਚ ਪਹਿਲਾ ਸਥਾਨ ਪੂਜਾ ਯਾਦਵ ਬੀ.ਏ. ਭਾਗ ਦੂਜਾ, ਦੂਜਾ ਸਥਾਨ ਗੀਤਿਕਾ ਗਰਗ ਬੀ.ਕਾਮ ਭਾਗ ਤੀਜਾ ਤੇ ਤੀਜਾ ਸਥਾਨ ਰੋਬਨਦੀਪ ਕੌਰ ਬੀ. ਏ. ਭਾਗ ਦੂਜਾ ਨੇ ਹਾਸਲ ਕੀਤਾ। ਜੇਤੂ ਵਿਦਿਆਰਥੀਆ ਨੂੰ ਇਨਾਮ ਵੰਡਣ ਲਈ ਚੀਫ਼ ਗੈਸਟ ਡਿਪਟੀ ਡਾਇਰੈਕਟਰ ਡਾ. ਜੀ. ਐੱਸ. ਮੱਕੜ ਆਪ ਆਪਣੀ ਟੀਮ ਨਾਲ ਪਹੁੰਚੇ, ਜਿਸ ਵਿੱਚ ਡਾ. ਪ੍ਰੇਰਨਾ ਕਪਿਲਾ, ਸਹਾਇਕ ਪ੍ਰੋਫੈਸਰ ਗ੍ਰਹਿ ਵਿਗਿਆਨ, ਡਾ. ਕਰਨ ਸ਼ਰਮਾ ਐਗਰੀਕਲਚਰਲ ਇੰਜੀਨੀਅਰ, ਡਾ. ਹਰਸ਼ਨੀਤ ਸਿੰਘ ਸੁਆਇਲ ਵਿਗਿਆਨੀ ਸ਼ਾਮਲ ਸਨ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਡਾਇਰੈਕਟਰ ਜੀ. ਐੱਸ. ਮੱਕੜ ਨੇ ਜੇਤੂ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਹਰੇਕ ਪਿੰਡ ਵਿੱਚ ਇਹ ਸੁਨੇਹਾ ਦੇਣ ਲਈ ਕਿਹਾ ਕਿ ਪਰਾਲੀ ਨੂੰ ਸਾੜਨਾ ਸਾਡੇ ਸਮਾਜ ਲਈ ਨੁਕਸਾਨਦਾਇਕ ਹੈ, ਇਸ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਅਤੇ ਧਰਤੀ ਦੀ ਉਪਰਲੀ ਪਰਤ ਉੱਪਰਲੇ ਛੋਟੇ ਜੀਵ ਜੰਤੂ ਸੜ ਜਾਂਦੇ ਹਨ, ਇਸ ਲਈ ਇਹ ਸਮਾਜ ਲਈ ਹਾਨੀਕਾਰਕ ਹੈ। ਡਾ. ਕੁਲਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਸਮੂਹ ਸਟਾਫ਼ ਤੇ ਸਾਰੇ ਵਿਦਿਆਰਥੀ ਸ਼ਾਮਲ ਹੋਏ।

# ਪੀ ਐੱਸ ਯੂ ਨੇ ਪ੍ਰੀਖਿਆ ਕੇਂਦਰ ਜੀ ਐੱਨ ਕਾਲਜ ਰੋਡੇ ਵਿਖੇ ਬਣਾਉਣ ਲਈ ਦਿੱਤਾ ਮੰਗ ਪੱਤਰ

**ਮੋਗਾ** (**ਅਮਰਜੀਤ ਬੱਬਰੀ**)-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਮੋਗਾ ਨੂੰ ਗੁਰੂ ਨਾਨਕ ਕਾਲਜ ਰੋਡੇ ਦਾ ਪ੍ਰੀਖਿਆ ਸੈਂਟਰ ਵਾਪਸ ਲਿਆਉਣ ਸੰਬੰਧੀ ਮੰਗ ਪੱਤਰ ਸੌਂਪਿਆ ਗਿਆ। ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਗੁਰੂ ਨਾਨਕ ਸਰਕਾਰੀ ਕਾਲਜ ਰੋਡੇ ਦਾ ਪ੍ਰੀਖਿਆ ਸੈਂਟਰ ਪਿਛਲੇ ਸਮੇਂ ਤੋਂ ਸਰਕਾਰੀ ਕਾਲਜ ਢੁੱਡੀਕੇ ਵਿਖੇ ਸ਼ਿਫਟ ਕਰ ਦਿੱਤਾ ਗਿਆ ਸੀ। ਫਿਰ ਪਿਛਲੇ ਸੈਸ਼ਨ ਵਿੱਚ ਡੀ. ਐੱਮ ਕਾਲਜ ਮੋਗਾ ਵਿਖੇ ਸ਼ਿਫਟ ਕਰ ਦਿੱਤਾ ਗਿਆ। ਗੁਰੂ ਨਾਨਕ ਕਾਲਜ ਰੋਡੇ ਮੋਗਾ ਜ਼ਿਲ੍ਹੇ ਦਾ ਇੱਕ ਅਜਿਹਾ ਕਾਲਜ ਹੈ, ਜੋ ਪੇਂਡੂ ਇਲਾਕੇ ਦਾ ਕਾਲਜ ਹੈ, ਜਿੱਥੇ ਬਹੁਤ ਹੀ ਘੱਟ ਫੀਸਾਂ 'ਤੇ ਵਿਦਿਆਰਥੀ ਸਿੱਖਿਆ ਹਾਸਲ ਕਰਦੇ ਨੇ। ਇਸ ਕਾਲਜ ਵਿੱਚ ਜ਼ਿਆਦਾਤਰ ਮਜ਼ਦੂਰ ਪਰਿਵਾਰਾਂ ਦੇ ਵਿਦਿਆਰਥੀ ਪੜ੍ਹਨ ਆਉਂਦੇ ਹਨ ਤੇ ਇਸ ਕਾਲਜ ਵਿੱਚ ਵੱਡੀ ਗਿਣਤੀ ਵਿਦਿਆਰਥੀ ਦਾਖਲੇ ਲੈਂਦੇ ਸਨ। ਪਿਛਲੇ ਸਮੇਂ ਤੋਂ ਪ੍ਰੀਖਿਆ ਸੈਂਟਰ ਤਬਦੀਲ ਹੋਣ ਕਾਰਨ ਵਿਦਿਆਰਥੀਆਂ ਦੇ ਦਾਖਲੇ ਘਟੇ ਹਨ ਤੇ ਕਈ ਵਿਦਿਆਰਥੀ ਆਪਣੀ ਪੜ੍ਹਾਈ ਅਧੂਰੀ ਛੱਡ ਗਏ ਹਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਜਲਦ ਹੀ ਮਸਲਾ ਹੱਲ ਕਰਨ ਦਾ ਭਰੋਸਾ ਦਿਵਾਇਆ ਹੈ। ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਜੇ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ ਮਜਬੂਰਨ ਸੰਘਰਸ਼ ਕੀਤਾ ਜਾਵੇਗਾ।

# ਫੌਜਾ ਸਿੰਘ ਸਰਾਰੀ ਵੱਲੋਂ ਹਲਕਾ ਵਾਸੀਆਂ ਨੂੰ ਦੀਵਾਲੀ ਦੀ ਵਧਾਈ



**ਗੁਰੂ ਹਰਸਹਾਏ** (**ਫਕੀਰ ਚੰਦ ਸੀਕਰੀ**)-ਹਲਕਾ ਗੁਰੂ ਹਰਸਹਾਏ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਨੇ ਆਪਣੇ ਮੁੱਖ ਦਫਤਰ ਗੁਰੂ ਹਰਸਹਾਏ ਪਹੁੰਚ ਕੇ ਹਲਕਾ ਵਾਸੀਆਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਪਵਿੱਤਰ ਤਿਉਹਾਰ ਅਸੀਂ ਆਪਣੀ ਸ਼ਰਧਾ ਭਾਵਨਾ ਤਰੀਕੇ ਨਾਲ ਮਨਾ ਰਹੇ ਹਾਂ ਤੇ ਸਾਨੂੰ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਹ ਦੀਵਾਲੀ ਗਰੀਨ ਦੀਵਾਲੀ ਪ੍ਰਦੂਸ਼ਣ ਰਹਿਤ ਤਰੀਕੇ ਨਾਲ ਮਨਾਈ ਜਾਵੇ ਤੇ ਆਪਣੇ ਆਲੇ ਦੁਆਲੇ ਦਾ ਵਾਤਾਵਰਣ ਸਾਫ਼ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਇਆ ਜਾਵੇ। ਇਸ ਮੌਕੇ ਮੰਤਰੀ ਨੇ ਪਾਰਟੀ ਵਰਕਰਾਂ ਨੂੰ ਪ੍ਰਸੰਸਾ ਪੱਤਰ ਤੇ ਮਠਿਆਈ ਦੇ ਡੱਬੇ ਵੀ ਭੇਟ ਕੀਤੇ ਅਤੇ ਹਲਕਾ ਵਾਸੀਆਂ ਨੂੰ ਵਧਾਈ ਵੀ ਦਿੱਤੀ। ਉਨ੍ਹਾ ਕਿਹਾ ਕਿ ਜਿਹੜੇ ਵਰਕਰ ਪਾਰਟੀ ਲਈ ਚੰਗਾ ਕੰਮ ਕਰਨਗੇ, ਉਨ੍ਹਾਂ ਵਰਕਰਾਂ ਨੂੰ ਪਾਰਟੀ ਪਹਿਲ ਦੇ ਆਧਾਰ 'ਤੇ ਜ਼ਿੰਮੇਵਾਰੀਆਂ ਸੌਂਪੇਗੀ। ਉਨ੍ਹਾ ਇਸ ਮੌਕੇ ਸ਼ਹੀਦ ਭਗਤ ਸਿੰਘ ਐਸੋਸੀਏਸ਼ਨ ਦੇ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ। ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਚਰਨਜੀਤ ਕੌਰ, ਉਨ੍ਹਾਂ ਦੀ ਬੇਟੀ ਸਿਮਰਨ ਸਰਾਰੀ, ਸੁਸ਼ੀਲ ਬੱਟੀ, ਬੇਅੰਤ ਭੁੱਲਰ, ਹਰਜਿੰਦਰ ਸਿੰਘ ਘਾਗਾ, ਬਲਵੰਤ ਲਾਡੀ, ਝੰਡਵਿੰਦਰ ਸਿੰਘ ਝੰਡਾ, ਜਗਸੀਰ ਸਿੰਘ, ਨੀਲੂ ਵਧਵਾ, ਕਲਦੀਪ ਸਮਰਾ, ਕਲਦੀਪ ਸਰਪੰਚ ਜਤਾਲਾ, ਸੁਖਜਿੰਦਰ ਬਰਾੜ, ਕੁਲਦੀਪ ਢੋਟ ਪੰਜੇ ਕੇ, ਸੁੱਚਾ ਨਾਗੀ, ਗੁਰਸੇਵਕ ਸਿੰਘ, ਗੁਰਮੇਜ ਪ੍ਰਧਾਨ, ਬਿੱਟੂ ਲਾਲਚੀਆਂ ਤੇ ਹਲਕਾ ਵਾਸੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਵਿਖੇ ਮਨਾਈ ਹਰੀ ਦੀਵਾਲੀ

**ਜਗਰਾਓਂ** (**ਨਛੱਤਰ ਸੰਧੂ**)-ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਬ੍ਰਿਜ ਮੋਹਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਗਰੀਨ ਦੀਵਾਲੀ ਮਨਾ ਕੇ ਚੌਗਿਰਦੇ ਨੂੰ ਖੁਸ਼ਗਵਾਰ ਤੇ ਹਰਿਆ-ਭਰਿਆ ਬਣਾਇਆ। ਇਸ ਮੌਕੇ ਛੋਟੇ-ਛੋਟੇ ਬੱਚਿਆਂ ਨੇ ਸਕੂਲ ਦੇ ਬਗੀਚੇ ਵਿੱਚ ਪੌਦੇ ਲਗਾ ਕੇ ਬਨਸਪਤੀ ਲਈ ਆਪਣੇ ਫਰਜ਼ਾਂ ਨੂੰ ਪੂਰਾ ਕੀਤਾ। ਵਿਦਿਆਰਥੀਆਂ ਨੇ ਮੋਮਬੱਤੀਆਂ ਨੂੰ ਬੜੇ ਸੋਹਣੇ ਤਰੀਕੇ ਨਾਲ ਸਜਾਇਆ। ਬੰਦਨਵਾਰ ਹੱਥੀਂ ਤਿਆਰ ਕਰਕੇ ਪ੍ਰਦਰਸ਼ਨੀ ਲਗਾਈ। ਰੰਗੋਲੀਆਂ ਵੀ ਬਣਾਈਆਂ ਗਈਆਂ। ਵਿਦਿਆਰਥੀਆਂ ਨੇ ਆਪਣੀ ਪੇਸ਼ਕਾਰੀ ਨਾਲ ਅਤੇ ਬਣਾਈਆਂ ਹੋਈਆਂ ਵਸਤਾਂ ਨਾਲ ਜਮਾਤਾਂ ਤੇ ਸਕੂਲ ਦੇ ਵਿਹੜੇ ਨੂੰ ਹੋਰ ਖੂਬਸੂਰਤ ਬਣਾਇਆ। ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਪੌਦੇ ਲਗਾ ਕੇ, ਸਜਾਵਟੀ ਸਾਮਾਨ ਘਰਾਂ ਵਿੱਚ ਹੀ ਤਿਆਰ ਕਰਕੇ ਇਸ ਦੇ ਨਾਲ-ਨਾਲ ਫਜ਼ੂਲ ਖਰਚੀ 'ਤੇ ਕਾਬੂ ਪਾ ਕੇ ਹੀ ਦੀਵਾਲੀ ਮਨਾਉਣੀ ਚਾਹੀਦੀ ਹੈ। ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਵੀ ਦਿੱਤੀਆਂ। ਹਰ ਸਾਲ ਦੀਵਾਲੀ ਨੂੰ ਸੋਹਣੇ ਤੇ ਵਾਤਾਵਰਣ ਅਨੁਕੂਲ ਢੰਗ ਨਾਲ ਮਨਾਉਣ ਲਈ ਵੀ ਪ੍ਰੇਰਿਤ ਕੀਤਾ।

## ਕਾਤਰਾਂ

### ਟੈਗੋਰ ਵਿਦਿਆਲਿਆ 'ਚ ਦੀਵਾਲੀ ਮਨਾਈ

**ਲੌਂਗੋਵਾਲ** (**ਪ੍ਰਦੀਪ ਸੱਪਲ**)-ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ ਟੈਗੋਰ ਵਿਦਿਆਲਿਆ (ਸੀਨੀ. ਸੈਕੰ. ਸਕੂਲ) ਲੌਂਗੋਵਾਲ ਵਿਖੇ ਦਿਵਾਲੀ ਦਾ ਤਿਉਹਾਰ ਵਿਸ਼ੇਸ਼ ਰੂਪ ਵਿੱਚ ਮਨਾਇਆ ਗਿਆ। ਸਕੂਲ ਵਿੱਚ ਇਸ ਮੌਕੇ ਵੱਖ-ਵੱਖ ਹਸਤ-ਕਲਾ ਜਿਵੇਂ ਮੋਮਬੱਤੀ ਸਜਾਉਣਾ ਕਾਰਡ ਬਣਾਉਣਾ ਦੀਵਾ ਬਣਾਉਣਾ ਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਦੁਆਰਾ ਇਨ੍ਹਾਂ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਸਕੂਲ ਦੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ, ਜਤਿੰਦਰ ਰਿਸ਼ੀ ਤੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਵੱਲੋਂ ਜੇਤੂ ਬੱਚਿਆਂ ਦਾ ਸਨਮਾਨ ਕੀਤਾ ਗਿਆ ਅਤੇ ਵਿਦਿਆਰਥੀਆਂ ਦੁਆਰਾ ਬਣਾਈਆਂ ਗਈਆਂ ਵੱਖ-ਵੱਖ ਹਸਤ ਕਲਾਵਾਂ ਦੀ ਪ੍ਰਸੰਸਾ ਕੀਤੀ ਗਈ।

### 'ਸੋਚ ਬਦਲੋ ਸਮਾਜ ਬਦਲੋ' ਲੋਕ ਅਰਪਣ 30 ਨੂੰ

**ਸੰਗਰੂਰ** (**ਪ੍ਰਵੀਨ ਸਿੰਘ**)-ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ 30 ਅਕਤੂਬਰ ਨੂੰ ਸਵੇਰੇ 10 ਵਜੇ ਉੱਘੇ ਸਾਹਿਤਕਾਰ ਡਾ. ਭੁਪਿੰਦਰ ਕੌਰ ਦੀ ਪ੍ਰਧਾਨਗੀ ਵਿੱਚ ਸੁਤੰਤਰ ਭਵਨ ਸੰਗਰੂਰ ਵਿਖੇ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਨਾਮਵਰ ਪੰਜਾਬੀ ਲੇਖਿਕਾ ਸ੍ਰੀਮਤੀ ਪ੍ਰਭਜੋਤ ਕੌਰ ਢਿੱਲੋਂ ਦੀ ਪੁਸਤਕ 'ਸੋਚ ਬਦਲੋ ਸਮਾਜ ਬਦਲੋ' ਲੋਕ ਅਰਪਣ ਕੀਤੀ ਜਾਵੇਗੀ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪ੍ਰਸਿੱਧ ਲੇਖਕ ਤੇ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਪੁਸਤਕ ਸਬੰਧੀ ਪਰਚਾ ਡਾ. ਮੀਤ ਖਟੜਾ ਪੜ੍ਹਨਗੇ ਤੇ ਵਿਚਾਰ-ਚਰਚਾ ਵਿੱਚ ਡਾ. ਮਨਜਿੰਦਰ ਸਿੰਘ, ਮੂਲ ਚੰਦ ਸ਼ਰਮਾ ਤੇ ਦਲਬਾਰ ਸਿੰਘ ਚੱਠੇ ਸੇਖਵਾਂ ਹਿੱਸਾ ਲੈਣਗੇ। ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਪਾਏ ਗਏ ਵੱਡਮੁੱਲੇ ਯੋਗਦਾਨ ਲਈ ਸਭਾ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ।

### ਕੇਂਦਰੀ ਜੇਲ੍ਹ 'ਚੋਂ ਦੋ ਮੋਬਾਇਲ ਬਰਾਮਦ

**ਫਿਰੋਜ਼ਪੁਰ** (**ਅਸ਼ੋਕ ਸ਼ਰਮਾ**)-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ ਦੋ ਮੋਬਾਇਲ ਫੋਨ ਬਰਾਮਦ ਕਰਕੇ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਹਵਾਲਾਤੀ ਸਮੇਤ ਅਣਪਛਾਤੇ ਵਿਅਕਤੀ ਖਿਲਾਫ 52-ਏ ਪਰੀਸਿਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਸੁਖਦੇਵ ਰਾਜ ਨੇ ਦੱਸਿਆ ਕਿ ਪੱਤਰ ਨੰਬਰ 7383 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 21 ਅਕਤੂਬਰ 2022 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਤੇ ਵਾਰਡ ਨੰਬਰ 1 ਦੀ ਚੱਕੀਆਂ ਨੰਬਰ 3 ਦੀ ਤਲਾਸ਼ੀ ਦੌਰਾਨ ਹਵਾਲਾਤੀ ਰਵਿੰਦਰ ਸਿੰਘ ਉਰਫ ਲਾਲੀ ਮਾਨ ਪੁੱਤਰ ਬਲਦੇਵ ਸਿੰਘ ਵਾਸੀ ਮਕਾਨ ਨੰਬਰ 212, 100 ਫੁੱਟੀ ਰੋਡ ਬਠਿੰਡਾ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਕੋਲੋਂ ਇਕ ਮੋਬਾਇਲ ਫੋਨ ਮਾਰਕਾ ਸੈਮਸੰਗ ਕੀਪੈਡ ਰੰਗ ਕਾਲਾ ਸਮੇਤ ਬੈਟਰੀ ਤੇ ਸਿਮ ਕਾਰਡ ਮਾਰਕਾ ਏਅਰਟੈੱਲ ਬਰਾਮਦ ਹੋਇਆ। ਇਸ ਤੋਂ ਬਾਅਦ ਚੱਕੀਆਂ ਨੰਬਰ 4 ਦੀ ਤਲਾਸ਼ੀ ਦੌਰਾਨ ਅੰਦਰ ਬਣੇ ਰੋਸ਼ਨਦਾਨ ਵਿੱਚੋਂ ਇਕ ਮੋਬਾਇਲ ਫੋਨ ਮਾਰਕਾ ਸੈਮਸੰਗ ਕੀਪੈਡ ਰੰਗ ਚਿੱਟਾ ਸਮੇਤ ਬੈਟਰੀ ਤੇ ਬਿਨਾਂ ਸਿਮ ਕਾਰਡ ਬਰਾਮਦ ਹੋਇਆ। ਪੁਲਸ ਨੇ ਉਕਤ ਹਵਾਲਾਤੀ ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪੰਜਾਬ ਸਰਕਾਰ ਦੇ ਕੱਚੇ ਕਾਮੇ ਪੱਕੇ ਕਰਨ ਦੇ ਐਲਾਨ ਤੋਂ ਸਿਹਤ ਕਾਮੇ ਨਾਖੁਸ਼

### ■ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਏ ਐੱਨ ਐੱਚ ਐੱਮ ਮੁਲਾਜ਼ਮ : ਗੁਰਜਿੰਦਰ ਸਿੰਘ

**ਕੋਟ ਈਸੇ ਖਾਂ** (**ਅਰੋੜਾ**)

ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਮੂਹ ਰੈਗੂਲਰ ਕਰਮਚਾਰੀਆਂ ਨੂੰ ਦੀਵਾਲੀ ਦਾ ਤੋਹਫਾ ਦਿੰਦੇ ਹੋਏ 6 ਫੀਸਦ ਡੀ ਏ ਦੀ ਕਿਸ਼ਤ ਜਾਰੀ ਕਰਨ ਤੇ ਪੰਜਾਬ ਵਿੱਚ ਮੁੜ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਤਾਂ ਕਰ ਦਿੱਤਾ ਹੈ, ਪਰ ਸਰਕਾਰ ਵੱਲੋਂ ਸਿਹਤ ਵਿਭਾਗ ਵਿੱਚ ਪਿਛਲੇ 10-15 ਸਾਲਾਂ ਤੋਂ ਬਹੁਤ ਹੀ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਠੇਕਾ ਮੁਲਾਜ਼ਮਾਂ ਲਈ ਨਾ ਹੀ ਕੋਈ ਐਲਾਨ ਕੀਤਾ ਗਿਆ ਹੈ ਤੇ ਨਾ ਹੀ ਕੁੱਝ ਦਿੱਤਾ ਗਿਆ ਹੈ, ਜਿਸ ਕਾਰਨ ਨੈਸ਼ਨਲ ਹੈਲਥ ਮਿਸ਼ਨ ਦੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਮੁਲਾਜ਼ਮ ਹੁਣ ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਦੇ ਆਗੂ ਗੁਰਜਿੰਦਰ ਸਿੰਘ ਨੇ ਕਿਹਾ ਕਿ ਪਹਿਲਾਂ ਅਕਾਲੀ-ਭਾਜਪਾ ਸਰਕਾਰ ਨੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ, ਫਿਰ ਚਰਨਜੀਤ ਸਿੰਘ ਚੰਨੀ ਸਰਕਾਰ ਨੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਤੇ ਹੁਣ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਇਸ਼ਤਿਹਾਰ ਜਾਰੀ ਕਰ ਰਹੀ ਹੈ, ਪਰ ਹਕੀਕਤ ਇਹ ਹੈ ਕਿ ਸਿਹਤ ਵਿਭਾਗ ਦਾ ਇੱਕ ਵੀ ਮੁਲਾਜ਼ਮ ਅਜੇ ਤੱਕ ਰੈਗੂਲਰ ਨਹੀਂ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਫੋਕੇ ਐਲਾਨ ਕਰਨ ਤੱਕ ਸੀਮਤ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਇਸ ਸਰਕਾਰ ਨੇ ਵੀ ਦੀਵਾਲੀ ਮੌਕੇ ਸਿਹਤ ਵਿਭਾਗ ਵਰਗੇ ਅਹਿਮ ਮਹਿਕਮੇ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਨੈਸ਼ਨਲ ਹੈਲਥ ਮਿਸ਼ਨ ਦੇ ਠੇਕਾ ਮੁਲਾਜ਼ਮਾਂ ਦੇ ਪੱਲੇ ਕੁੱਝ ਵੀ ਨਹੀਂ ਆਇਆ ਹੈ। ਇਸ ਮੌਕੇ ਐੱਨ ਐੱਚ ਐੱਮ ਮੁਲਾਜ਼ਮਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਮੂਹ ਐੱਨ ਐੱਚ ਐੱਮ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਪ੍ਰਕਿਰਿਆ ਜਲਦ ਸ਼ੁਰੂ ਨਾ ਕੀਤੀ ਗਈ ਤਾਂ ਉਹ ਸਰਕਾਰ ਦਾ ਪਰਦਾਫਾਸ਼ ਕਰਦਿਆਂ ਸੰਘਰਸ਼ ਸ਼ੁਰੂ ਕਰਨਗੇ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਜਲਾਲਾਬਾਦ ਦੀ ਮੀਟਿੰਗ ਸੰਪੰਨ



ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਜਲਾਲਾਬਾਦ ਦੀ ਮੀਟਿੰਗ 'ਚ ਹਾਜ਼ਰ ਮਜ਼ਦੂਰ ਤੇ ਆਗੂ।

**ਜਲਾਲਾਬਾਦ** (**ਜੀਤ ਕੁਮਾਰ**)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਜਲਾਲਾਬਾਦ ਦੀ ਇੱਕ ਅਹਿਮ ਮੀਟਿੰਗ ਜੰਮੂ ਬਸਤੀ ਜਲਾਲਾਬਾਦ ਵਿਖੇ ਅਰਜਨ ਸਿੰਘ ਬਾਹਮਣੀ ਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਵੱਖ-ਵੱਖ ਬ੍ਰਾਂਚਾਂ ਦੇ ਮਜ਼ਦੂਰਾਂ ਨੇ ਹਿੱਸਾ ਲਿਆ। ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਨੱਥਾ ਸਿੰਘ ਨੇ ਮੋਦੀ ਸਰਕਾਰ ਦੀਆਂ ਦੇਸ਼ ਤੇ ਲੋਕ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਵਰਤਮਾਨ ਕੇਂਦਰ ਸਰਕਾਰ ਨੇ 8 ਸਾਲਾਂ 'ਚ ਪਿਛਲੇ 70 ਸਾਲਾਂ ਦੌਰਾਨ ਉਸਾਰੇ ਗਏ ਪਬਲਿਕ ਸੈਕਟਰ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਗੌਤਮ ਅਡਾਨੀ ਤੇ ਮੁਕੇਸ਼ ਅੰਬਾਨੀ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਹੈ। ਇਸ ਲਈ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਭੁੱਖਮਰੀ ਤੇ ਕੰਗਾਲੀ ਦੀ ਕੋਈ ਗੱਲ ਨਾ ਕਰਕੇ ਦੇਸ਼ ਦੇ ਲੋਕਾਂ ਸਾਹਮਣੇ ਝੂਠੇ ਅੰਕੜੇ ਪੇਸ਼ ਕਰਕੇ ਦੇਸ਼ ਦੀ ਅਸਲੀ ਤਸਵੀਰ ਨੂੰ ਛੁਪਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਝੂਠੇ ਸਬਜ਼ਬਾਗ ਦਿਖਾ ਕੇ ਖੁਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗਰੀਬ-ਮਜ਼ਦੂਰ ਵਰਗ ਭਾਰੀ ਮਹਿੰਗਾਈ ਦੀ ਮਾਰ ਹੇਠ ਆਇਆ ਹੋਇਆ ਹੈ। ਮਜ਼ਦੂਰ ਵਰਗ ਰੋਟੀ ਰੋਜ਼ੀ ਤੋਂ ਵੀ ਤੰਗ ਹੋ ਗਿਆ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਬਾਰੇ ਬੋਲਦਿਆਂ ਉਨ੍ਹਾਂ ਨੇ ਮੰਗ ਕੀਤੀ ਕਿ ਫਜ਼ੂਲ ਖਰਚੀ ਬੰਦ ਕਰਕੇ ਮੁਲਾਜ਼ਮ, ਮਜ਼ਦੂਰ, ਕਿਸਾਨ, ਠੇਕਾ ਮੁਲਾਜ਼ਮ, ਜੋ ਲਗਾਤਾਰ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ, ਪੰਜਾਬ ਦੇ ਵਿਕਾਸ 'ਚ ਮੋਹਰੀ ਰੋਲ ਅਦਾ ਕਰਨ ਲਈ ਉਨ੍ਹਾਂ ਵੱਲੋਂ ਉਠਾਈਆਂ ਜਾ ਰਹੀਆਂ ਮੰਗਾਂ ਨੂੰ ਮੰਨ ਕੇ ਫੌਰੀ ਤੌਰ 'ਤੇ ਲਾਗੂ ਕੀਤਾ ਜਾਵੇ। ਇਸ ਮੀਟਿੰਗ ਨੂੰ ਜ਼ਿਲ੍ਹਾ ਆਗੂ ਸੁਰਜੀਤ ਟਿਵਾਣਾ, ਅਮਰਜੀਤ ਸਿੰਘ, ਸੁਖਚੈਨ (ਰਿੰਕੂ) ਖਾਲਸਾ, ਚੰਨ ਸਿੰਘ, ਗੁਰਮੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਤੋਂ ਬਾਅਦ 11 ਮੈਂਬਰੀ ਜਲਾਲਾਬਾਦ ਤਹਿਸੀਲ ਕਮੇਟੀ ਦੀ ਨਵੀਂ ਚੋਣ ਕੀਤੀ ਗਈ, ਜਿਸ 'ਚ ਤਹਿਸੀਲ ਪ੍ਰਧਾਨ ਚੰਨ ਸਿੰਘ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਕੁਮਾਰ, ਮੀਤ ਪ੍ਰਧਾਨ ਗੁਰਮੀਤ ਸਿੰਘ, ਰੇਸ਼ਮ ਸਿੰਘ, ਜਨਰਲ ਸਕੱਤਰ ਅਮਰਜੀਤ ਟਿਵਾਣਾ, ਜੁਆਇੰਟ ਸਕੱਤਰ ਸੁਖਚੈਨ ਸਿੰਘ (ਰਿੰਕੂ), ਸੁਰਜੀਤ ਸਿੰਘ, ਕਾਰਜਕਾਰੀ ਮੈਂਬਰ ਅਰਜਨ ਸਿੰਘ, ਲਛਮਣ ਸਿੰਘ ਤੇ ਦੋ ਸੀਟਾਂ ਖਾਲੀ ਛੱਡੀਆਂ ਗਈਆਂ।

# ਬੱਸ ਚਾਲਕ 'ਤੇ ਬਜ਼ੁਰਗ ਔਰਤ ਨਾਲ ਧੱਕਾ-ਮੁੱਕੀ ਕਰਨ ਦਾ ਦੋਸ਼



ਜ਼ੇਰੇ ਇਲਾਜ ਔਰਤ।

**ਫਾਜ਼ਿਲਕਾ** (**ਕ੍ਰਿਸ਼ਨ ਸਿੰਘ**)-ਫਾਜ਼ਿਲਕਾ ਦੇ ਬੱਸ ਸਟੈਂਡ 'ਤੇ ਇਕ ਬਜ਼ੁਰਗ ਔਰਤ ਨੇ ਉਸ ਨਾਲ ਬੱਸ ਚਾਲਕਾਂ ਵੱਲੋਂ ਧੱਕਾ-ਮੁੱਕੀ ਕਰਨ ਦੇ ਦੋਸ਼ ਲਾਏ ਹਨ। ਇਸ ਬਾਰੇ ਸਿਵਿਲ ਹਸਪਤਾਲ ਫਾਜ਼ਿਲਕਾ 'ਚ ਜ਼ੇਰੇ ਇਲਾਜ ਪੀੜਤਾ ਬਜ਼ੁਰਗ ਔਰਤ ਸਾਵਲੀ ਦੇਵੀ ਨੇ ਦੱਸਿਆ ਕਿ ਉਹ ਆਪਣੇ ਪਿੰਡ ਤੋਂ ਫਾਜ਼ਿਲਕਾ ਨੂੰ ਆ ਰਹੇ ਸਨ। ਬੱਸ ਨੰਬਰ 03 7678 'ਤੇ ਚੜ੍ਹਨ ਲੱਗਿਆਂ ਉਨ੍ਹਾਂ ਨੇ ਬੱਸ ਚਾਲਕਾਂ ਨੂੰ ਸਰਕਾਰੀ ਜਾਂ ਪ੍ਰਾਈਵੇਟ ਬੱਸ ਹੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਸਰਕਾਰੀ ਬੱਸ ਹੀ ਹੈ। ਜਦੋਂ ਉਹ ਬੱਸ 'ਤੇ ਚੜ੍ਹ ਕੇ ਬੈਠ ਗਏ ਤਾਂ ਬੱਸ ਦੇ ਕੰਡਕਟਰ ਨੇ ਉਨ੍ਹਾਂ ਕੋਲੋਂ ਟਿਕਟ ਮੰਗੀ। ਜਦੋਂ ਉਨ੍ਹਾਂ ਪੁੱਛਿਆ ਕਿ ਕੀ ਇਹ ਸਰਕਾਰੀ ਬੱਸ ਨਹੀਂ ਹੈ ਤਾਂ ਅੱਗੋਂ ਉਸ ਨੇ ਅਬਦੁਤਾ ਭਰੇ ਲਹਿਜੇ ਨਾਲ ਕਿਹਾ ਕਿ ਇਹ ਬੱਸ ਸਰਕਾਰ ਨੇ ਇੱਕ ਪ੍ਰਾਈਵੇਟ ਅਜੈਂਸੀ ਨੂੰ ਦੇ ਦਿੱਤੀ ਹੈ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਟਿਕਟ ਕਟਵਾਉਣ ਦੇ ਬਾਵਜੂਦ ਬੱਸ 'ਚ ਮੌਜੂਦ ਬੱਸ ਚਾਲਕਾਂ ਨੇ ਉਨ੍ਹਾਂ ਨਾਲ ਕਥਿਤ ਧੱਕਾ-ਮੁੱਕੀ ਕੀਤੀ, ਜਿਸ ਕਾਰਨ ਉਹ ਡਿੱਗ ਗਈ ਅਤੇ ਉਸ ਨੂੰ ਬਾਂਹ 'ਤੇ ਕਾਫੀ ਸੱਟ ਲੱਗੀ। ਇਸ ਉਪਰੰਤ ਪਰਿਵਾਰ ਵਾਲਿਆਂ ਨੇ ਉਸ ਨੂੰ ਇਲਾਜ ਲਈ ਸਿਵਿਲ ਹਸਪਤਾਲ 'ਚ ਦਾਖਲ ਕਰਵਾਇਆ। ਇਸ ਬਾਰੇ ਮੌਕੇ 'ਤੇ ਮੌਜੂਦ ਕਿਸਾਨ ਖੇਤ ਮਜ਼ਦੂਰ ਨੇਤਾ ਕਾਮਰੇਡ ਹਰਗੋਬਿੰਦ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਬੱਸ ਚਾਲਕਾਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਉਨ੍ਹਾਂ ਨਾਲ ਵੀ ਕਾਫੀ ਬਦਸਲੂਕੀ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਹੋਰ ਵੀ ਕਈ ਦੋਸ਼ ਲਗਾਏ ਗਏ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਸਬੰਧਤ ਬੱਸ ਚਾਲਕਾਂ ਖਿਲਾਫ ਬਣਦੀ ਕਾਰਵਾਈ ਕਰਕੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ ਹੈ। ਜਦੋਂ ਇਸ ਬਾਰੇ ਬੱਸ ਸਟੈਂਡ 'ਤੇ ਜਾ ਕੇ ਸਬੰਧਤ ਅਧੀਕਾਰੀਆਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਟਾਲ ਮਟੋਲ ਕਰਦਿਆਂ ਕਿਹਾ ਕਿ ਇਹ ਬੱਸ ਇੱਥੇ ਨਹੀਂ ਆਈ ਤੇ ਨਾ ਹੀ ਉਨ੍ਹਾਂ ਨੂੰ ਇਸ ਬੱਸ ਦੇ ਚਾਲਕਾਂ ਬਾਰੇ ਕੁਝ ਪਤਾ ਹੈ।

# ਸਪੀਕਰ ਵੱਲੋਂ ਦੀਵਾਲੀ, ਬੰਦੀ ਛੋੜ ਤੇ ਵਿਸ਼ਵਕਰਮਾ ਦਿਵਸ 'ਤੇ ਵਧਾਈ

**ਕੋਟਕਪੂਰਾ** (**ਰਛਪਾਲ ਭੁੱਲਰ**)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੀਵਾਲੀ ਤੇ ਬੰਦੀ ਛੋੜ ਦਿਵਸ 'ਤੇ ਸਾਰੇ ਪੰਜਾਬੀਆਂ ਨੂੰ ਦਿਲੋਂ ਵਧਾਈ ਦਿੱਤੀ ਹੈ। ਸਪੀਕਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਇਹ ਤਿਉਹਾਰ ਦੀਵਾਲੀ ਝੂਠ 'ਤੇ ਸੱਚ, ਅਧਰਮ 'ਤੇ ਧਰਮ ਅਤੇ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਦੇਸ਼ ਦੀ ਸੱਭਿਆਚਾਰਕ ਵਿਰਾਸਤ ਦੀਆਂ ਕਦਰਾਂ-ਕੀਮਤਾਂ ਤੇ ਵਿਚਾਰਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਵਾਤਾਵਰਣ ਨੂੰ ਸੁਰੱਖਿਅਤ ਬਨਾਉਣ ਲਈ ਲੋਕਾਂ ਨੂੰ ਗਰੀਨ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਸੰਧਵਾਂ ਨੇ ਸਿੱਖ ਕੌਮ ਨੂੰ ਇਤਿਹਾਸਕ 'ਬੰਦੀ ਛੋੜ ਦਿਵਸ' ਮੌਕੇ ਵਧਾਈ ਦਿੱਤੀ ਹੈ। ਇਸ ਦਿਨ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਵੱਲੋਂ ਗਵਾਲੀਅਰ ਦੇ ਕਿਲੇ ਤੋਂ 52 ਹਿੰਦੂ ਰਾਜਿਆਂ ਦੀ ਰਿਹਾਈ ਕਰਾਈ ਸੀ। ਸਪੀਕਰ ਨੇ ਲੋਕਾਂ ਨੂੰ ਇਹ ਤਿਉਹਾਰ ਫਿਰਕੂ ਸਦਭਾਵਨਾ, ਭਾਈਚਾਰਕ ਸਾਂਝ ਤੇ ਸ਼ਾਂਤੀ ਨਾਲ ਮਨਾਉਣ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਸੰਧਵਾਂ ਨੇ ਲੋਕਾਂ ਨੂੰ ਵਿਸ਼ਵਕਰਮਾ ਦਿਵਸ 'ਤੇ ਵੀ ਕਿਰਤੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਭਗਵਾਨ ਵਿਸ਼ਵਕਰਮਾ ਦੀ ਸ਼ਿਲਪਕਾਰੀ ਕਿਰਤ ਦੇ ਸਨਮਾਨ ਦੀ ਭਾਵਨਾ ਨੂੰ ਰੰਗਤ ਕਰਦੀ ਰਹੇਗੀ ਤੇ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਵੇਗੀ।

### ਬੀ ਕੇ ਯੂ ਕਾਦੀਆਂ ਦੀ ਇਕਾਈ ਦਾ ਗਠਨ

**ਸ੍ਰੀ ਮੁਕਤਸਰ ਸਾਹਿਬ** (**ਸ਼ਮਿੰਦਰਪਾਲ, ਪੂਜਾ**)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਚੱਕ ਗਾਂਧਾ ਸਿੰਘ ਵਾਲਾ ਵਿਖੇ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਇਸ 'ਚ ਸੁਖਰਾਜ ਸਿੰਘ ਨੂੰ ਪ੍ਰਧਾਨ, ਜਸਪਾਲ ਸਿੰਘ ਨੂੰ ਜਨਰਲ ਸਕੱਤਰ, ਬਿੱਕਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਕੇਵਲ ਸਿੰਘ ਤੇ ਪ੍ਰਿਤਪਾਲ ਸਿੰਘ, ਪ੍ਰਿਥੀ ਸਿੰਘ ਨੂੰ ਖਜ਼ਾਨਚੀ, ਰਮਨਦੀਪ ਸਿੰਘ, ਰੂਪ ਸਿੰਘ, ਹਰਬੰਸ ਸਿੰਘ ਨੂੰ ਸਕੱਤਰ ਬਣਾਇਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਕਿੱਟੂ ਬਾਂਮ ਨੇ ਇਕਾਈ ਨੂੰ ਜਥੇਬੰਦੀ ਦੇ ਪਰਿਵਾਰ ਵਿੱਚ ਵਾਧਾ ਕਰਨ ਦੀ ਵਧਾਈ ਦਿੱਤੀ ਤੇ ਕਿਸਾਨੀ ਦੇ ਹਰ ਦੁੱਖ ਸੁੱਖ ਵਿੱਚ ਨਾਲ ਖੜਨ ਦਾ ਭਰੋਸਾ ਦਿੱਤਾ। ਇਸ ਮੌਕੇ ਗੁਰਦਰਸ਼ਨ ਸਿੰਘ ਰੁਪਾਣਾ, ਗੁਰਜੰਟ ਸਿੰਘ ਕੋਟਲੀ, ਦਲਜੀਤ ਸਿੰਘ ਰੰਧਾਵਾ, ਗੁਰਮੀਤ ਸਿੰਘ ਮਰਾੜ ਕਲਾਂ, ਸੁਖਦੇਵ ਸਿੰਘ ਵੰਗਲ ਆਦਿ ਆਗੂ ਹਾਜ਼ਰ ਸਨ।

# ਬੀ ਕੇ ਯੂ ਏਕਤਾ-ਉਗਰਾਹਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਜਾਰੀ

### ■ ਮੰਗਾਂ ਲਾਗੂ ਹੋਣ ਤੱਕ ਮੋਰਚਾ ਜਾਰੀ ਰੱਖਣ ਦਾ ਐਲਾਨ



**ਸੰਗਰੂਰ** (**ਪ੍ਰਵੀਨ ਸਿੰਘ**)-ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਮੰਨੀਆਂ ਮੰਗਾਂ ਲਾਗੂ ਕਰਨ 'ਚ ਲਗਾਤਾਰ ਕੀਤੇ ਜਾ ਰਹੇ ਟਾਲਮਟੋਲ ਵਿਰੁੱਧ ਇੱਥੇ ਲਾਏ ਗਏ ਪੱਕੇ ਕਿਸਾਨ ਮੋਰਚੇ ਦੇ ਚੌਧਵੇਂ ਦਿਨ ਵੀ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਵਿੱਚ ਸੈਂਕੜੇ ਔਰਤਾਂ ਸਮੇਤ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਦਾ ਇਕੱਠ ਹੋਇਆ। ਠਾਠਾਂ ਮਾਰਦੇ ਇਸ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ੇ ਬਾਰੇ ਵੀ ਸਰਕਾਰ ਚੁੱਪ ਧਾਰੀ ਬੈਠੀ ਹੈ। ਉਨ੍ਹਾਂ ਦੱਸਿਆ ਕਿ ਠੋਸ ਸੁਝਾਵਾਂ ਸਮੇਤ ਯਾਦ ਪੱਤਰ 'ਚ ਮੰਗ ਕੀਤੀ ਗਈ ਹੈ ਕਿ ਪੰਜਾਬ ਦੇ ਹਿੱਸੇ ਆਏ ਦਰਿਆਈ ਪਾਣੀ ਦੀ ਖੇਤੀ ਲਈ ਪੂਰੀ ਪੂਰੀ ਵਰਤੋਂ ਦਾ ਰੋਡ ਮੈਪ ਤਿਆਰ ਕਰਕੇ ਕਿਸਾਨਾਂ ਨੂੰ ਤੁਰੰਤ ਦਿੱਤਾ ਜਾਵੇ। ਇਸ ਦੀ ਨਾਂ-ਮਾਤਰ ਵਰਤੋਂ ਬਾਰੇ 27-7-22 ਨੂੰ ਲੋਕ ਸਭਾ ਵਿੱਚ ਪੇਸ਼ ਕੀਤੀ ਗਈ ਰਿਪੋਰਟ ਦੇ ਵੇਰਵੇ ਜਨਤਕ ਕੀਤੇ ਜਾਣ। ਜ਼ੀਰੇ ਨੇੜੇ ਪ੍ਰਦੂਸ਼ਣ ਦਾ ਗੜ੍ਹ ਬਣੀ ਦੀਪ ਮਲਹੋਤਰਾ ਦੀ ਸ਼ਰਾਬ ਫੈਕਟਰੀ ਦਾ ਪ੍ਰਦੂਸ਼ਣ ਰੋਕਣ ਬਾਰੇ ਜਥੇਬੰਦੀ ਨਾਲ ਬਣੀ ਸਹਿਮਤੀ ਅਨੁਸਾਰ ਇਸ ਫੈਕਟਰੀ ਨੂੰ ਤੁਰੰਤ ਬੰਦ ਕੀਤਾ ਜਾਵੇ। ਪੀਣ ਵਾਲੇ ਪਾਣੀ ਦੀ ਸਪਲਾਈ ਦੇ ਨਿੱਜੀਕਰਨ ਬਾਰੇ ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਵੱਲੋਂ ਸੰਸਾਰ ਬੈਂਕ ਨਾਲ ਕੀਤੇ ਸਮਝੌਤੇ ਰੱਦ ਕਰਨ ਤੇ ਪੀਣ ਵਾਲੇ ਸਾਫ ਪਾਣੀ ਲਈ ਸਰਕਾਰੀ ਜਲ ਸਪਲਾਈ ਪ੍ਰਬੰਧ ਪਹਿਲਾਂ ਵਾਂਗ ਮੁੜ ਬਹਾਲ ਕਰਨ ਬਾਰੇ ਠੋਸ ਰੋਡ ਮੈਪ ਬਣਾਉਣ ਦਾ ਵਚਨ ਦਿੱਤਾ ਜਾਵੇ। ਜ਼ਿਲ੍ਹਾ ਬਰਨਾਲਾ ਦੇ ਆਗੂ ਭਗਤ ਸਿੰਘ ਛੰਨਾਂ ਨੇ ਕਿਸਾਨਾਂ, ਮਜ਼ਦੂਰਾਂ ਨੂੰ ਚੌਕਸ ਕੀਤਾ ਕਿ ਪੰਜਾਬ ਦੇ ਕੁੱਝ ਖਾਨਦਾਨੀ ਫਿਰਕਾਪ੍ਰਸਤ ਆਗੂਆਂ ਤੇ ਕੁੱਝ ਭਟਕੇ ਹੋਏ ਨੌਜਵਾਨਾਂ ਵੱਲੋਂ ਲੋਕਾਂ ਦੇ ਭਖਦੇ ਮਸਲਿਆਂ ਤੋਂ ਧਿਆਨ ਭਟਕਾ ਕੇ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਨੂੰ ਸੰਘਰਸ਼ ਦੀ ਫੇਟ ਤੋਂ ਬਚਾਉਣ ਲਈ ਲੋਕਾਂ 'ਚ ਪਾਟਕ ਪਾਉਣ ਦੀ ਨੀਤੀ ਦੀ ਸਖਤ ਨਿੰਦਾ ਕੀਤੀ। ਇਸੇ ਤਰ੍ਹਾਂ ਐੱਸ ਵਾਈ ਐੱਲ ਨਹਿਰ ਵਰਗੇ ਭਰਾਤਰੀ ਭਾਵ ਨਾਲ ਹੱਲ ਹੋ ਸਕਣ ਵਾਲੇ ਮੁੱਦਿਆਂ ਨੂੰ ਬੇਲੋੜਾ ਵਾਦ-ਵਿਵਾਦ ਬਣਾ ਕੇ ਉਭਾਰਨ ਦੀ ਵੀ ਸਖਤ ਆਲੋਚਨਾ ਕੀਤੀ।

ਸ਼ਹੀਦ ਭਗਤ ਸਿੰਘ ਕਲਾ ਮੰਚ ਚੜ੍ਹਿੱਕ ਦੀ ਟੀਮ ਵੱਲੋਂ ਇਨਕਲਾਬੀ ਨਾਟਕ 'ਭਟਕਦੇ ਪਰਿੰਦੇ' ਖੇਡਿਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸੁਦਾਗਰ ਸਿੰਘ ਘੁਡਾਨੀ ਨੇ ਨਿਭਾਈ ਤੇ ਇਕੱਠ ਨੂੰ ਸੰਬੋਧਨ ਕਰਨ ਵਾਲੇ ਹੋਰ ਬੁਲਾਰਿਆਂ ਵਿੱਚ ਮਾਨਸਾ ਜ਼ਿਲ੍ਹੇ ਦੇ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ, ਔਰਤ ਆਗੂ ਬਿੰਦਰਪਾਲ ਕੌਰ ਬਰਨਾਲਾ, ਬਹਾਦਰ ਸਿੰਘ ਭੁਟਾਲ, ਮਲਕੀਤ ਸਿੰਘ ਗੱਗੜ ਮੁਕਤਸਰ ਤੇ ਮਨਪ੍ਰੀਤ ਸਿੰਘ ਬਰਨਾਲਾ ਸ਼ਾਮਲ ਸਨ।

# ਗੁਲਜ਼ਾਰ ਗਰੁੱਪ 'ਚ ਸੈਂਟਰਲ ਜ਼ੋਨਲ ਯੂਥ ਫ਼ੈਸਟੀਵਲ ਮਿੱਠੀਆਂ ਯਾਦਾਂ ਛੱਡਦਾ ਹੋਇਆ ਸਮਾਪਤ



ਸੈਂਟਰਲ ਜ਼ੋਨ ਯੂਥ ਫੈਸਟ ਵਿੱਚ ਹਿੱਸਾ ਲੈਂਦੇ ਵਿਦਿਆਰਥੀ।

**ਖੰਨਾ** (**ਸੁਖਵਿੰਦਰ ਸਿੰਘ, ਭਾਦਲਾ ਪਰਮਿੰਦਰ ਸਿੰਘ ਮੋਨੂੰ**)-ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟਸ ਖੰਨਾ ਵਿੱਚ ਤਿੰਨ ਰੋਜ਼ਾ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਸੈਂਟਰਲ ਜ਼ੋਨ ਯੂਥ ਫੈਸਟ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋ ਗਿਆ।

ਅਖੀਰੀ ਦਿਨ ਪੱਛਮੀ ਸੋਲੋ ਡਾਂਸ, ਪੱਛਮੀ ਗਰੁੱਪ ਡਾਂਸ ਤੇ ਪੰਜਾਬ ਦੀ ਸ਼ਾਨ ਭੰਗੜਾ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ, ਜਦਕਿ ਅਖੀਰੀ ਦਿਨ ਪੰਜਾਬ ਦੀ ਸ਼ਾਨ ਭੰਗੜੇ ਦੇ ਨਾਮ ਰਿਹਾ। ਕਲਾ ਦੀਆਂ ਵੰਨਗੀਆਂ ਛੱਡਦੇ ਇਸ ਖ਼ੂਬਸੂਰਤ ਸਮਾਰੋਹ ਵਿੱਚ ਸੰਗੀਤ 'ਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ, ਡਾਂਸ 'ਚ ਗੁਲਜ਼ਾਰ ਗਰੁੱਪ, ਥੀਏਟਰ 'ਚ ਗੁਲਜ਼ਾਰ ਗਰੁੱਪ, ਫਾਈਨ ਆਰਟਸ 'ਚ ਏ ਐੱਸ ਗਰੁੱਪ ਆਫ਼ ਇੰਸਟੀਚਿਊਟਸ ਤੇ ਸਾਹਿਤਕ ਸਰਗਰਮੀਆਂ ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਜੇਤੂ ਰਹੇ, ਜਦਕਿ ਪੰਜਾਬ ਦੀ ਸ਼ਾਨ ਭੰਗੜੇ ਵਿੱਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਨੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਤੇ ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟਸ ਖੰਨਾ ਰਨਰ ਅੱਪ ਰਹੇ। ਗੁਲਜ਼ਾਰ ਗਰੁੱਪ ਦੇ ਚੇਅਰਮੈਨ ਗੁਰਚਰਨ ਸਿੰਘ ਨੇ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿੱਤ ਹਾਰ ਜ਼ਿੰਦਗੀ ਦਾ ਹਿੱਸਾ ਹੈ, ਪਰ ਲਗਾਤਾਰ ਤਰੱਕੀ ਕਰਨ ਲਈ ਸੰਘਰਸ਼ ਕਰਨਾ ਜ਼ਰੂਰੀ ਹੈ। ਅਖੀਰ 'ਚ ਜੇਤੂ ਵਿਦਿਆਰਥੀਆਂ ਨੇ ਇਨਾਮ ਹਾਸਲ ਕਰਦੇ ਹੋਏ ਤਿੰਨ ਦਿਨਾਂ ਦੇ ਤਜਰਬੇ ਵੀ ਸਾਂਝੇ ਕੀਤੇ।

# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਅਧਿਆਪਕ ਤੇ ਵਿਦਿਆਰਥੀ ਸਨਮਾਨ ਸਮਾਰੋਹ




ਭਾਰਤ ਵਿਕਾਸ ਪ੍ਰੀਸ਼ਦ ਦੇ ਆਗੂ ਬੱਚਿਆਂ ਨੂੰ ਸਨਮਾਨਤ ਕਰਦੇ ਹੋਏ।

**ਜ਼ੀਰਾ** (**ਨਰਿੰਦਰ ਅਨੇਜਾ**)-ਭਾਰਤ ਵਿਕਾਸ ਪ੍ਰੀਸ਼ਦ ਜ਼ੀਰਾ ਵੱਲੋਂ ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜ਼ੀਰਾ ਵਿਖੇ ਗੁਰੂ ਵੰਦਨ ਛਾਤਰ ਅਭਿਨੰਦਨ ਦਿਵਸ ਭਾਰਤ ਵਿਕਾਸ ਪ੍ਰੀਸ਼ਦ ਦੇ ਸਟੇਟ ਉੱਪ ਪ੍ਰਧਾਨ ਸਤਿੰਦਰ ਸਚਦੇਵਾ ਜ਼ੀਰਾ ਤੇ ਪ੍ਰਧਾਨ ਮਹਿੰਦਰਪਾਲ, ਕੈਸ਼ੀਅਰ ਨਵੀਨ ਸਚਦੇਵਾ ਦੀ ਅਗਵਾਈ ਵਿੱਚ ਮਨਾਇਆ ਗਿਆ। ਇਸ ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਫਿਰੋਜ਼ਪੁਰ ਚਮਕੌਰ ਸਿੰਘ ਸਰਾਂ ਤੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਅਧਿਆਪਕ ਦਾ ਰੁਤਬਾ ਇਸ ਸਮਾਜ ਵਿੱਚ ਬਹੁਤ ਵੱਡਾ ਹੈ। ਅਧਿਆਪਕ ਹੀ ਬੱਚਿਆਂ ਨੂੰ ਸਹੀ ਸੇਧ ਦੇ ਕੇ ਚੰਗੇ ਰਸਤੇ ਪਾ ਸਕਦਾ ਹੈ ਤੇ ਅਧਿਆਪਕ ਉਹ ਚਾਨਣ ਮੁਨਾਰਾ ਹੈ, ਜੋ ਬੱਚਿਆਂ ਦੀ ਜ਼ਿੰਦਗੀ ਰੂਪੀ ਰਸਤਿਆਂ ਨੂੰ ਰੁਸ਼ਨਾਉਂਦਾ ਹੈ। ਅੱਜ ਦੇ ਇਸ ਸਮਾਗਮ ਵਿੱਚ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 13 ਅਧਿਆਪਕਾਂ ਨੂੰ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ, ਨਾਲ ਹੀ ਵੱਖ ਵੱਖ ਸਕੂਲਾਂ ਦੇ 12 ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ 'ਤੇ ਸਨਮਾਨਤ ਕੀਤਾ ਗਿਆ। ਸਨਮਾਨਤ ਅਧਿਆਪਕਾਂ ਵਿੱਚ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਤੋਂ ਮਮਤਾ ਪੁਰੀ ਲੈਕਚਰਾਰ ਕੈਮਿਸਟਰੀ, ਸੁਨੀਤਾ ਅਗਰਵਾਲ ਐੱਸ ਐੱਸ ਮਿਸਟ੍ਰੈੱਸ, ਅਜੇ ਕੁਮਾਰ ਮੈਥ ਮਾਸਟਰ, ਸਰਕਾਰੀ ਮਿਡਲ ਸਕੂਲ ਸੰਤੂਵਾਲਾ ਤੋਂ ਸੰਦੀਪ ਕੁਮਾਰ ਡਰਾਇੰਗ ਟੀਚਰ, ਸ਼ਹੀਦ ਗੁਰਦਾਸ ਰਾਮ ਮੈਮੋਰੀਅਲ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜ਼ੀਰਾ ਤੋਂ ਪ੍ਰਿਯੰਕਾ ਸ਼ਰਮਾ ਸਾਇੰਸ ਮਿਸਟ੍ਰੈੱਸ, ਕਮਲਜੀਤ ਕੌਰ ਮੈਥ ਮਿਸਟ੍ਰੈੱਸ, ਸ਼ਰਨਜੀਤ ਕੌਰ ਮੈਥ ਮਿਸਟ੍ਰੈੱਸ, ਆਤਮ ਵੱਲਭ ਜੈਨ ਵਿੱਦਿਆ ਪੀਠ ਸਕੂਲ ਜ਼ੀਰਾ ਤੋਂ ਸੰਜਨਾ ਚਾਵਲਾ, ਮੋਨਿਕਾ ਨਰੂਲਾ, ਦੂਨ ਵੈਲੀ ਪਬਲਿਕ ਸਕੂਲ ਜ਼ੀਰਾ ਤੋਂ ਸੁਨੀਸ਼ਾ, ਐਂਬਰੋਜੀਅਲ ਪਬਲਿਕ ਸਕੂਲ ਜ਼ੀਰਾ ਤੋਂ ਰਕੇਸ਼ ਚੌਹਾਨ ਤੇ ਮਹਿੰਦਰ ਕੁਮਾਰ ਸ਼ਾਮਲ ਸਨ। ਸੰਸਥਾ ਦੇ ਉੱਪ ਪ੍ਰਧਾਨ ਜਗਦੇਵ ਸ਼ਰਮਾ, ਸਕੱਤਰ ਦਿਨੇਸ਼ ਸ਼ਰਮਾ ਨੇ ਕਿਹਾ ਕਿ ਅਸੀਂ ਇਨ੍ਹਾਂ ਅਧਿਆਪਕਾਂ ਨੂੰ ਸਨਮਾਨਤ ਕਰਕੇ ਬੜਾ ਮਾਣ ਮਹਿਸੂਸ ਕਰ ਰਹੇ ਹਾਂ, ਕਿਉਂਕਿ ਅਧਿਆਪਕ ਹੀ ਬੱਚਿਆਂ ਦੀਆਂ ਜ਼ਿੰਦਗੀਆਂ ਬਿਹਤਰ ਬਣਾਉਣ ਵਿੱਚ ਸਹਾਈ ਹੁੰਦਾ ਹੈ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਰਮਨਦੀਪ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਸਮਾਗਮ ਦੇ ਅੰਤ ਵਿੱਚ ਸੰਸਥਾ ਦੇ ਮੈਂਬਰਾਂ ਵੱਲੋਂ ਮੁੱਖ ਮਹਿਮਾਨਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਹਾਜ਼ਰ ਮੈਂਬਰਾਂ ਵਿੱਚ ਵਨੀਤਾ ਝਾਂਜੀ ਮਹਿਲਾ ਵਿੰਗ ਪ੍ਰਧਾਨ, ਕਿਰਨ ਗੌੜ ਸਕੱਤਰ, ਨੀਰੂ ਕੁਮਾਰ, ਚਨਪ੍ਰੀਤ ਸਿੰਘ ਸੋਨੂੰ, ਸੰਦੀਪ ਕੁਮਾਰ, ਗੁਰਬਖਸ਼ ਸਿੰਘ ਵਿੱਜ, ਨਰੇਸ਼ ਕੁਮਾਰ ਜੈਨ, ਸੋਨੂੰ ਗੁਜਰਾਲ, ਜਗਦੀਪ ਸਿੰਘ, ਲੈਕਚਰਾਰ ਸੰਜੀਵ ਕੁਮਾਰ ਸਚਦੇਵਾ, ਜੁਗਲ ਕਿਸ਼ੋਰ, ਓਮ ਪੁਰੀ ਆਦਿ ਹਾਜ਼ਰ ਸਨ।

# ਬਿਜਲੀ ਕਰਮਚਾਰੀ ਦੀ ਦਫਤਰ 'ਚ ਕੁੱਟਮਾਰ

**ਫਿਰੋਜ਼ਪੁਰ** (**ਅਸ਼ੋਕ ਸ਼ਰਮਾ**)-ਬਿਜਲੀ ਬੋਰਡ ਦੇ ਕਰਮਚਾਰੀ ਦੀ ਦਫਤਰ ਵਿੱਚ ਜਾ ਕੇ ਕੁੱਟਮਾਰ ਕਰਨ ਅਤੇ ਉਸ ਦਾ ਮੋਬਾਇਲ ਫੋਨ ਤੇ 4600 ਰੁਪਏ ਕੱਢ ਕੇ ਲਿਜਾਣ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਬਾਏ ਨੇਮ ਵਿਅਕਤੀ ਸਮੇਤ 4-5 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਰਜੀਤ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਰਾਓ ਕੇ ਹਿਠਾਣ ਨੇ ਦੱਸਿਆ ਕਿ ਉਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਅਰਬਨ ਸਬ-ਡਵੀਜ਼ਨ ਫਿਰੋਜ਼ਪੁਰ ਵਿਖੇ ਬਤੌਰ ਜੇ ਈ ਲੱਗਾ ਹੋਇਆ ਹੈ। ਉਸ ਪਾਸ ਗੋਖੀ ਵਾਲਾ ਫੀਡਰ ਹੈ ਤੇ ਮੋਦੀ ਮਿਲ ਫੀਡਰ ਹੈ। ਬੀਤੀ 18 ਅਕਤੂਬਰ ਨੂੰ ਦੀਪਕ ਪੁੱਤਰ ਜਗਦੀਸ਼ ਵਾਸੀ ਮੱਛੀ ਮੰਡੀ ਸਿਟੀ ਫਿਰੋਜ਼ਪੁਰ ਨੇ ਲਾਇਟ ਖਰਾਬ ਹੋਣ ਕਰਕੇ ਕੰਪਲੇਂਟ ਕੀਤੀ ਸੀ ਤੇ ਮੋਦੀ ਮਿਲ ਫੀਡਰ ਦਾ ਚਾਰਜ ਉਸ ਪਾਸ ਹੋਣ ਕਰਕੇ ਦੀਪਕ ਉਕਤ ਨੇ ਉਸ ਦੇ ਫੋਨ 'ਤੇ ਗੱਲਬਾਤ ਕੀਤੀ ਤੇ ਗੱਲਬਾਤ ਕਰਦੇ ਸਮੇਂ ਉਸ ਦੀ ਬਹਿਸਬਾਜ਼ੀ ਹੋ ਗਈ ਤੇ ਦੀਪਕ ਉਸ ਨੂੰ ਗਲਤ ਬੋਲਿਆ, ਪਰ ਉਸ ਨੇ ਰਾਤ ਸਮੇਂ ਹੀ ਲਾਇਟ ਠੀਕ ਕਰਵਾ ਦਿੱਤੀ ਸੀ। ਉਪਰੰਤ 19 ਅਕਤੂਬਰ 2022 ਨੂੰ ਦੋਸ਼ੀ ਦੀਪਕ ਸਮੇਤ 4-5 ਅਣਪਛਾਤੇ ਵਿਅਕਤੀ ਲੈ ਕੇ ਉਸ ਦੇ ਦਫਤਰ ਜਾ ਕੇ ਗਲ ਪੈ ਗਿਆ ਤੇ ਉਸ ਦੀ ਕੁੱਟਮਾਰ ਕੀਤੀ ਤੇ ਉਸ ਦਾ ਮੋਬਾਇਲ ਫੋਨ ਤੇ 4600 ਰੁਪਏ ਕੱਢ ਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਅਜਮੇਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਪਤੀ-ਪਤਨੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮਾਰੀ 7 ਲੱਖ ਦੀ ਠੱਗੀ, ਮਾਮਲਾ ਦਰਜ

**ਫਿਰੋਜ਼ਪੁਰ** (**ਅਸ਼ੋਕ ਸ਼ਰਮਾ**)-ਨਜ਼ਦੀਕੀ ਪਿੰਡ ਬਾਜੀਦਪੁਰ ਦੇ ਰਹਿਣ ਵਾਲੇ ਇਕ ਵਿਅਕਤੀ ਤੇ ਉਸ ਦੀ ਪਤਨੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 7 ਲੱਖ ਰੁਪਏ ਦੀ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਦੋ ਵਿਅਕਤੀਆਂ ਖਿਲਾਫ 420, 406, 120-ਬੀ ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਮੁਖਤਿਆਰ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 3209 ਸਪੈਸ਼ਲ ਪੀ ਸੀ ਰਾਹੀਂ ਨਵਦੀਪ ਸ਼ਰਮਾ ਪੁੱਤਰ ਧਰਮਪਾਲ ਵਾਸੀ ਪਿੰਡ ਬਾਜੀਦਪੁਰ ਨੇ ਦੱਸਿਆ ਕਿ ਦੋਸ਼ੀਆਨ ਅਮਨਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਬਸੰਤ ਐਵਨਿਓ ਲੁਧਿਆਣਾ ਐੱਮ ਡੀ ਯੂਰੋਕੈਨ ਗਲੋਬਰ ਲੁਧਿਆਣਾ ਅਤੇ ਟਰੈਵਲ ਏਜੰਟ ਹਰਪ੍ਰੀਤ ਸਿੰਘ ਪੁੱਤਰ ਦਵਿੰਦਰ ਸਿੰਘ ਵਾਸੀ 52, 03 ਡੈਲਟਾ ਸਿਟੀ ਨੇੜੇ ਜੇ ਕੇ ਰਿਜੋਰਟ ਮਲੇਰਕੋਟਲਾ ਰੋਡ ਪਿੰਡ ਰਾਣੀਆਂ ਜ਼ਿਲ੍ਹਾ ਲੁਧਿਆਣਾ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਤੇ ਉਸ ਦੀ ਪਤਨੀ ਚੇਤਨਾ ਰਾਣੀ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 7 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਬੀ ਕੇ ਯੂ ਪੰਜਾਬ ਵੱਲੋਂ ਕੋਟ ਕਰੋੜ ਕਲਾਂ ਦੇ ਟੋਲ ਪਲਾਜ਼ਾ 'ਤੇ ਪੱਕਾ ਮੋਰਚਾ ਜਾਰੀ

### ਟੋਲ ਪਲਾਜ਼ਾ ਵਾਲਿਆਂ ਵੱਲੋਂ ਰਾਹਗੀਰਾਂ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ : ਸੰਧੂ



ਮੋਰਚੇ ਦੌਰਾਨ ਕਿਸਾਨ ਕੋਟ ਕਰੋੜ ਕਲਾਂ ਦੇ ਟੋਲ ਪਲਾਜਾ 'ਤੇ।

**ਮੱਖੂ** (**ਰਛਪਾਲ ਸਿੰਘ ਸੰਧੂ**)-ਨੈਸ਼ਨਲ ਹਾਈਵੇ-54 'ਤੇ ਮੱਖੂ ਵਿਖੇ ਜ਼ੀਰਾ ਵਾਲਾ ਮੋੜ 'ਤੇ ਰੇਲਵੇ ਲਾਈਨ 'ਤੇ ਓਵਰਬ੍ਰਿਜ ਨਾ ਬਣਨ ਤੇ ਬਿਜਲੀ ਘਰ ਤੋਂ ਲੈ ਕੇ ਅੰਮ੍ਰਿਤਸਰ-ਮੋਗਾ ਰੋਡ ਦੀ ਤਿਕੋਨੀ ਤੱਕ ਸੜਕ ਦੀ ਖਸਤਾ ਹਾਲਤ ਹੋਣ ਕਾਰਨ ਰਾਹਗੀਰਾਂ ਨੂੰ ਆਉਣ-ਜਾਣ ਵੇਲੇ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸੜਕਾਂ ਦੀ ਖਸਤਾ ਹਾਲਤ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਟੋਲ ਪਲਾਜਾ ਲਗਾਇਆ ਜਾ ਰਿਹਾ ਹੈ, ਜਿਸ ਕਾਰਨ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਵੱਲੋਂ ਤਲਵੰਡੀ ਭਾਈ ਦੇ ਨਜ਼ਦੀਕ ਕੋਟ ਕਰੋੜ ਕਲਾਂ ਤੇ ਤਰਨ ਤਾਰਨ ਵਾਲੇ ਟੋਲ ਪਲਾਜਾ 'ਤੇ ਪੱਕੇ ਮੋਰਚੇ ਲਗਾ ਕੇ ਟੋਲ ਪਲਾਜਾ ਅਣਮਿੱਥੇ ਸਮੇਂ ਲਈ ਬੰਦ ਕੀਤੇ ਹੋਏ ਹਨ। ਨੈਸ਼ਨਲ ਹਾਈਵੇ-54 'ਤੇ ਕੋਟ ਕਰੋੜ ਕਲਾਂ ਟੋਲ ਪਲਾਜਾ 'ਤੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬੀ ਕੇ ਯੂ ਪੰਜਾਬ ਦੇ ਤਹਿਸੀਲ ਜ਼ੀਰਾ ਦੇ ਮੀਤ ਪ੍ਰਧਾਨ ਡਾ. ਬਲਵੰਤ ਸਿੰਘ ਸੰਧੂ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਪੱਕਾ ਮੋਰਚਾ ਲਗਾਇਆ ਹੋਇਆ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਸਰਕਾਰਾਂ ਵੱਲੋਂ ਰਾਹਗੀਰਾਂ ਨੂੰ ਟੋਲ ਪਲਾਜਾ ਤਾਂ ਲਾਇਆ ਜਾ ਰਿਹਾ ਹੈ, ਪਰ ਸੜਕਾਂ ਨਹੀਂ ਬਣਾਈਆਂ ਜਾ ਰਹੀਆਂ, ਜਿਸ ਦੀ ਤਾਜ਼ਾ ਮਿਸਾਲ ਨੈਸ਼ਨਲ ਹਾਈਵੇ-54 'ਤੇ ਜ਼ੀਰਾ ਵਾਲਾ ਮੋੜ 'ਤੇ ਰੇਲਵੇ ਲਾਈਨ 'ਤੇ ਓਵਰਬ੍ਰਿਜ ਨਾ ਬਣਨ ਕਾਰਨ ਤੇ ਖਸਤਾ ਹਾਲ ਸੜਕ ਹੋਣ ਕਾਰਨ ਵਹੀਕਲਾਂ ਵਾਲਿਆਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਟੋਲ ਪਲਾਜਾ ਲਗਾ ਕੇ ਰਾਹਗੀਰਾਂ ਦੀ ਅੰਨ੍ਹੀਂ ਲੁੱਟ ਕੀਤੀ ਜਾ ਰਹੀ ਹੈ। ਇਸ ਲਈ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਿਸਾਨਾਂ ਵੱਲੋਂ ਕੋਟ ਕਰੋੜ ਕਲਾਂ ਦੇ ਟੋਲ ਪਲਾਜਾ 'ਤੇ ਪੱਕੇ ਮੋਰਚੇ ਲਗਾ ਕੇ ਟੋਲ ਪਲਾਜਾ ਅਣਮਿੱਥੇ ਸਮੇਂ ਲਈ ਬੰਦ ਕੀਤਾ ਹੋਇਆ ਹੈ। ਇਸ ਮੌਕੇ ਡਾ. ਬਲਵੰਤ ਸਿੰਘ ਸੰਧੂ ਨਾਲ ਬਲਕਾਰ ਸਿੰਘ ਸੀਹਾਂਪਾੜ੍ਹੀ, ਵਰਿਆਮ ਸਿੰਘ ਸੀਹਾਂਪਾੜ੍ਹੀ, ਬਾਬਾ ਬੂਟਾ ਸਿੰਘ ਸੀਹਾਂਪਾੜ੍ਹੀ, ਅਮਰੀਕ ਸਿੰਘ ਸੀਹਾਂਪਾੜ੍ਹੀ, ਬਲਵੀਰ ਸਿੰਘ ਇਕਾਈ ਪ੍ਰਧਾਨ ਵਸਤੀ ਵਸਾਵਾ ਸਿੰਘ, ਨਿਰਮਲ ਸਿੰਘ ਵਸਤੀ ਵਸਾਵਾ ਸਿੰਘ, ਗੁਰਨੇਕ ਸਿੰਘ ਦੌਲਤਪੁਰ, ਦਰਸ਼ਨ ਸਿੰਘ ਸਰਪੰਚ ਚੁਰੀਆ ਮੀਤ ਪ੍ਰਧਾਨ ਬਲਾਕ, ਬਲਦੇਵ ਸਿੰਘ ਕੁੱਤਬਪੁਰ, ਅਰਜਨ ਸਿੰਘ ਫੇਮੀ ਵਾਲਾ, ਲਖਵੀਰ ਸਿੰਘ ਅਟਾਰੀ, ਚੰਦ ਸਿੰਘ ਦੌਲਤਪੁਰ ਆਦਿ ਹਾਜ਼ਰ ਸਨ।

CMYK

24-OCT-PAGE-8.qxd 10/23/2022 10:33 PM Page 1



# ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਮਨਾਇਆ ਦੀਵਾਲੀ ਦਾ ਤਿਉਹਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਦੀਵਾਲੀ ਦਾ ਤਿਉਹਾਰ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਸਮੁੱਚੇ ਤੌਰ 'ਤੇ ਮਨਾਇਆ। ਅਜੋਕੇ ਬੱਚੇ ਆਪਣੇ ਇਤਿਹਾਸ ਨੂੰ ਭੁੱਲਦੇ ਜਾ ਰਹੇ ਹਨ। ਉਨ੍ਹਾਂ ਨੂੰ ਤਿਉਹਾਰਾਂ ਨਾਲ ਜੁੜੇ ਇਤਿਹਾਸਕ ਮਹੱਤਵ ਬਾਰੇ ਜਾਣਕਾਰੀ ਦੇਣ ਲਈ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਵਿੱਚ ਸਮੇਂ-ਸਮੇਂ 'ਤੇ ਤਿਉਹਾਰ ਮਨਾ ਕੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤਿਉਹਾਰ ਦੇ ਪਿਛੋਕੜ ਬਾਰੇ ਜਾਣਕਾਰੀ ਦੇਣ ਲਈ ਵਿਦਿਆਰਥੀਆਂ ਨੂੰ ਕੋਰੀਓਗ੍ਰਾਫੀ ਤਿਆਰ ਕਰਵਾਈ ਗਈ, ਜਿਸ 'ਚ ਰਾਮ ਜੀ ਦੇ 14 ਸਾਲ ਦੇ ਬਨਵਾਸ ਤੇ ਛੇਵੇਂ ਪਾਤਸ਼ਾਹ ਦੁਆਰਾ 52 ਰਾਜਿਆਂ ਨੂੰ ਰਿਹਾਅ ਕਰਵਾਉਣ ਸੰਬੰਧੀ ਜਾਣਕਾਰੀ ਦਿੱਤੀ। ਇਸ ਦੇ ਬਿਨਾਂ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆ ਨੂੰ ਵੱਖ-ਵੱਖ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਚੌਥੀ ਜਮਾਤ ਦੇ ਵਿਦਿਆਰਥੀਆਂ ਨੂੰ ਰੰਗੋਲੀ ਤੇ ਕੋਲਡ ਕੁਕਿੰਗ, ਤੀਜੀ ਜਮਾਤ ਨੂੰ ਵਾਲ ਹੈਗਿੰਗ, ਦੂਜੀ ਜਮਾਤ ਨੂੰ ਆਰਟ ਐਂਡ ਕਰਾਫਟ ਤੇ ਪਹਿਲੀ ਜਮਾਤ ਨੂੰ ਪੇਪਰ ਫੋਲਡਿੰਗ ਦੀਵਾ ਆਦਿ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਸਮੇਂ ਪ੍ਰਿੰ: ਗੁਰਦੇਵ ਸਿੰਘ ਤੇ ਮੈਡਮ ਪਰਮਿੰਦਰ ਕੌਰ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਸਮਝਾਇਆ ਕਿ ਘਰਾਂ ਨੂੰ ਸ਼ਿੰਗਾਰ ਕੇ ਬਿਨਾਂ ਪਟਾਕੇ ਚਲਾਏ, ਪਿਆਰ ਨਾਲ ਦੀਵਾਲੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ। ਸਕੂਲ ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਇਸ ਸਮੇਂ ਬੱਚਿਆਂ ਨੂੰ 'ਗਰੀਨ ਦੀਵਾਲੀ' ਮਨਾਉਣ ਲਈ ਕਿਹਾ। ਉਨ੍ਹਾ ਬੱਚਿਆਂ ਨੂੰ ਦੀਵਾਲੀ ਦੇ ਪਵਿੱਤਰ ਤਿਉਹਾਰ 'ਤੇ ਇੱਕ-ਇੱਕ ਪੌਦਾ ਲਗਾਉਣ ਲਈ ਵੀ ਕਿਹਾ ਅਤੇ ਸ਼ੋਰ ਰਹਿਤ, ਸ਼ਾਂਤਮਈ ਢੰਗ ਨਾਲ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ। ਇਹ ਸਾਰਾ ਪ੍ਰੋਗਰਾਮ ਪ੍ਰਾਇਮਰੀ ਵਿੰਗ ਦੇ ਕੋ-ਆਰਡੀਨੇਟਰ ਮੈਡਮ ਰਿਚਾ ਦੀ ਦੇਖ-ਰੇਖ ਵਿੱਚ ਹੋਇਆ।

# ਮਠਿਆਈਆਂ ਦੀ ਥਾਂ ਡਰਾਈ ਫਰੂਟ ਬਣਿਆ ਲੋਕਾਂ ਦੀ ਪਹਿਲੀ ਪਸੰਦ




**ਅੰਮ੍ਰਿਤਸਰ (ਅਰੋੜਾ):** ਦੀਵਾਲੀ ਮਠਿਆਈਆਂ ਦਾ ਤਿਉਹਾਰ ਮੰਨਿਆ ਜਾਂਦਾ ਹੈ। ਦੀਵਾਲੀ ਦੇ ਸ਼ੁਭ ਮੌਕੇ ਸਾਰੇ ਰਿਸ਼ਤੇਦਾਰਾਂ ਅਤੇ ਆਪਣੇ ਮਿੱਤਰਾਂ ਅਤੇ ਜਾਣ ਪਹਿਚਾਣ ਵਾਲਿਆਂ ਨੂੰ ਮਠਿਆਈ ਆਦਿ ਦੇਣ ਦੀ ਪ੍ਰਥਾ ਚਲਦੀ ਆ ਰਹੀ ਹੈ ਪਰ ਨਕਲੀ ਖੋਏ ਅਤੇ ਮਿਠਾਈਆਂ ਦੇ ਸੰਬੰਧ ਵਿੱਚ ਸਿਹਤ ਵਿਭਾਗ ਦੁਆਰਾ ਕੀਤੀ ਜਾਣ ਵਾਲੀ ਛਾਪਾਮਾਰੀ ਅਤੇ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਹੋਣ ਤੇ ਇਹ ਗੱਲ ਵੇਖਣ ਨੂੰ ਮਿਲ ਰਹੀ ਹੈ ਕਿ ਹੁਣ ਜਨਤਾ ਦਾ ਝੁਕਾਅ ਮਠਿਆਈਆਂ ਤੋਂ ਜ਼ਿਆਦਾ ਹੋਰ ਤੋਹਫ਼ੇ ਚਾਕਲੇਟਾਂ ਜਾਂ ਚੰਗੀ ਕੰਪਨੀ ਦੇ ਬਿਸਕੁਟਾਂ ਵੱਲ ਹੁੰਦਾ ਜਾ ਰਿਹਾ ਹੈ ਪਰ ਫਿਰ ਵੀ ਸ਼ਗੁਨ ਦੇ ਨਾਮ 'ਤੇ ਲੋਕਾਂ ਨੂੰ ਮਿਠਾਈਆਂ ਦੀਆਂ ਦੁਕਾਨਾਂ ਵਿੱਚ ਭਾਰੀ ਮਾਤਰਾ ਵਿੱਚ ਮਠਿਆਈਆਂ ਖਰੀਦਦੇ ਦੇਖਿਆ ਜਾ ਰਿਹਾ ਹੈ। ਆਪਣੀ ਚੰਗੀ ਪਹਿਚਾਣ ਰੱਖਣ ਵਾਲੇ ਦੁਕਾਨਦਾਰਾਂ ਨੂੰ ਕੋਈ ਫਰਕ ਨਹੀਂ ਪੈ ਰਿਹਾ। ਉਨ੍ਹਾਂ ਦੀਆਂ ਦੁਕਾਨਾਂ 'ਤੇ ਗਾਹਕਾਂ ਦੀ ਭੀੜ ਅਤੇ ਲਾਈਨਾਂ ਲੱਗੀਆਂ ਦਿਸ ਰਹੀਆਂ ਸਨ ਪਰ ਆਤਸ਼ਬਾਜ਼ੀ ਵੇਚਣ ਵਾਲਿਆਂ ਦੇ ਰੰਗ ਉੱਡੇ ਹੋਏ ਸੀ ਕਿਉਂਕਿ ਆਤਿਸ਼ਬਾਜ਼ੀ ਵੇਚਣ ਵਾਲਿਆਂ ਨੇ ਪ੍ਰਸ਼ਾਸਨ ਦੀ ਗੱਲ ਨੂੰ ਨਾ ਮੰਨ ਕੇ ਆਤਿਸ਼ਬਾਜ਼ੀ ਦੀ ਦੁਕਾਨਾਂ ਸਜਾ ਰੱਖੀਆਂ ਸੀ। ਕੁੱਲ ਮਿਲਾ ਕੇ ਮਠਿਆਈ ਵੇਚਣ ਵਾਲੇ ਅਤੇ ਡਰਾਈ ਫਰੂਟ ਦੀ ਵਿਕਰੀ ਖੂਬ ਹੁੰਦੀ ਵੇਖਣ ਨੂੰ ਮਿਲੀ।

# ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਰਸਤੇ ਦੀ ਕੀਤੀ ਸਾਫ-ਸਫਾਈ

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**—ਸ੍ਰੀ ਅੰਮ੍ਰਿਤਸਰ ਸਾਹਿਬ ਦੀ ਵਿਸ਼ਵ ਪ੍ਰਸਿੱਧ ਦੀਵਾਲੀ ਮੌਕੇ ਸ੍ਰੀ ਹਰਮਿੰਦਰ ਸਾਹਿਬ ਨਤਮਸਤਕ ਹੋਣ ਵਾਲੀ ਸੰਗਤ ਦੀ ਆਮਦ ਨੂੰ ਮੁੱਖ ਰੱਖਦੇ ਹੋਏ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਉਕਤ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਅਤੇ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਮੁੱਖ ਰਸਤੇ ਦੀ ਸਫਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ, ਕਮਿਸ਼ਨਰ ਕਾਰਪੋਰੇਸ਼ਨ ਕੁਮਾਰ ਸੌਰਭ ਰਾਜ, ਪੁਲਸ ਕਮਿਸ਼ਨਰ ਅਰੁਣਪਾਲ ਸਿੰਘ, ਵਧੀਕ ਕਮਿਸ਼ਨਰ ਪਰਮਿੰਦਰ ਸਿੰਘ ਭੰਡਾਲ ਅਤੇ ਹੋਰ ਅਧਿਕਾਰੀ ਵੀ ਨਾਲ ਸਨ। ਉਨ੍ਹਾਂ ਆਪ ਗਲੀ ਵਿੱਚ ਖਿਲਰੇ ਕੂੜੇ ਨੂੰ ਚੁੱਕਿਆ ਅਤੇ ਲੋਕਾਂ ਨੂੰ ਸ਼ਹਿਰ ਦੀ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਧਾਲੀਵਾਲ ਨੇ ਕਿਹਾ ਕਿ ਸ਼ਹਿਰ ਦੀ ਸਫਾਈ ਰੱਖਣੀ ਕੇਵਲ ਕਾਰਪੋਰੇਸ਼ਨ ਦੇ ਕਰਮਚਾਰੀਆਂ ਦਾ ਹੀ ਨਹੀਂ, ਬਲਕਿ ਸਾਡਾ ਸਾਰਿਆਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਆਪਾਂ ਸਾਰੇ ਆਪਣੇ ਕੂੜੇ ਨੂੰ ਡਸਟਬਿਨ ਵਿੱਚ ਸੁੱਟੀਏ ਤਾਂ ਇੰਨਾ ਦਾ ਕੰਮ ਅਸਾਨ ਹੋਵੇਗਾ ਅਤੇ ਸ਼ਹਿਰ ਵੀ ਸਾਫ ਰਹੇਗਾ। ਉਨ੍ਹਾਂ ਕਿਹਾ ਕਿ ਇਸ ਗਲੀ ਵਿੱਚ ਕੋਈ ਰੇਹੜੀ ਫੜੀ ਨਹੀਂ ਲੱਗਣ ਦਿੱਤੀ ਜਾਵੇਗੀ।

ਜੀ-20 ਸੰਮੇਲਨ ਦਾ ਹਵਾਲਾ ਦਿੰਦੇ ਧਾਲੀਵਾਲ ਨੇ ਕਿਹਾ ਕਿ ਇਸ ਸੰਮੇਲਨ ਲਈ ਅਸੀਂ ਸਫਾਈ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੇ ਕੰਮ ਕਰਨੇ ਹਨ, ਪਰ ਇਨ੍ਹਾਂ ਦਾ ਸਹੀ ਲਾਭ ਤਾਂ ਹੀ ਮਿਲ ਸਕਦਾ ਹੈ ਜੇਕਰ ਸ਼ਹਿਰ ਵਾਸੀ ਸਫਾਈ ਦਾ ਖੁਦ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਟਰੈਫਿਕ ਦੇ ਪ੍ਰਬੰਧ ਵੀ ਸੁਚਾਰੂ ਢੰਗ ਨਾਲ ਕਰਨ ਲਈ ਅਸੀਂ ਯੋਜਨਾ ਬੰਦੀ ਉਲੀਕ ਰਹੇ ਹਾਂ ਅਤੇ ਜਿਉਂ ਹੀ ਪਾਰਕਿੰਗ ਸਥਾਨ ਬਣ ਗਏ, ਅਸੀਂ ਗਲਤ ਢੰਗ ਨਾਲ ਸੜਕ ਕਿਨਾਰੇ ਵਾਹਨ ਲੱਗਣ ਦੀ ਆਗਿਆ ਨਹੀਂ ਦਿਆਂਗੇ।



# ਕੇਂਦਰੀ ਏਜੰਸੀਆਂ ਪੰਜਾਬ 'ਚ ਅੱਗ ਲਾ ਰਹੀਆਂ : ਬੱਖਤਪੁਰਾ



**ਬਟਾਲਾ (ਤਰਲੋਕ ਬੱਗਾ)**-ਸੀ. ਪੀ. ਆਈ. (ਐੱਮਐੱਲ) ਲਿਬਰੇਸ਼ਨ ਨੇ ਪੰਜਾਬ ਵਿੱਚ ਇਕ ਦਫਾ ਫਿਰ ਅੱਗ ਲਾਉਣ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਦੇ ਕੇਂਦਰੀ ਏਜੰਸੀਆਂ ਉਪਰ ਗੰਭੀਰ ਦੋਸ਼ ਲਾਏ ਹਨ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਕੁਝ ਕੱਟੜਪੰਥੀ ਸਿੱਖ ਜਥੇਬੰਦੀਆਂ ਵੱਲੋਂ ਇਸਾਈ ਭਾਈਚਾਰੇ ਵਿਰੁੱਧ ਕੀਤੇ ਜਾ ਰਹੇ ਭੜਕਾਊ ਪ੍ਰਚਾਰ ਦੌਰਾਨ ਹੁਣ ਭਾਜਪਾ ਦੀ ਹਰਿਆਣਾ ਸਰਕਾਰ ਦੁਆਰਾ ਪੈਰੋਲ ਉਪਰ ਜੇਲ ਤੋਂ ਬਾਹਰ ਲਿਆਂਦੇ ਗਏ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਰਾਹੀਂ ਪੰਜਾਬੀ ਭਾਈਚਾਰੇ ਵਿੱਚ ਆਪਸੀ ਫਸਾਦ ਕਰਾਉਣ ਦੀ ਗਰਾਊਂਡ ਤਿਆਰ ਕਰਨ ਲਈ ਸੁਨਾਮ ਵਿਚ ਉਸ ਦੇ ਆਸ਼ਰਮ ਬਣਾਉਣ ਦਾ ਬਿਆਨ ਦਿਵਾਇਆ ਗਿਆ ਹੈ ਜਦੋਂਕਿ ਪਹਿਲਾਂ ਹੀ ਪੰਜਾਬ ਵਿੱਚ ਉਸ ਦੇ ਚੇਲਿਆਂ ਉਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਦੇ ਲੱਗਦੇ ਦੋਸ਼ਾਂ ਨੂੰ ਨੰਗਾ ਕਰਨ ਲਈ ਮੋਰਚਾ ਲੱਗਾ ਪਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਬੱਖਤਪੁਰਾ ਨੇ ਕਿਹਾ ਕਿ ਭਾਜਪਾ ਅਤੇ ਆਰਐੱਸਐੱਸ ਪੰਜਾਬ ਵਿੱਚ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਲਈ ਹਰ ਹਰਬਾ ਵਰਤ ਰਹੀ ਹੈ। ਭਾਜਪਾ ਸਰਕਾਰ ਇਸ ਰਾਜਨੀਤੀ ਦੀ ਖੇਡ ਪੰਜਾਬ ਦੇ ਗਵਰਨਰ ਰਾਹੀਂ ਵੀ ਖੇਡ ਰਹੀ ਹੈ। ਉੱਘੇ ਗਾਇਕ ਸਿੱਧੂ ਮੂਸੇਵਾਲਾ ਦੇ ਕਾਤਲ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਨ ਵਿਚ ਕੇਂਦਰੀ ਗ੍ਰਹਿ ਵਿਭਾਗ ਅਧੀਨ ਕੰਮ ਕਰਦੀ ਦਿੱਲੀ ਪੁਲਸ ਦਾ ਮੋਹਰੀ ਰੋਲ ਵੀ ਸਾਬਤ ਕਰਦਾ ਹੈ ਕਿ ਕੇਂਦਰੀ ਏਜੰਸੀਆਂ ਦੀਆਂ ਪੰਜਾਬ ਦੇ ਗੈਂਗਸਟਰਾਂ ਨਾਲ ਵੀ ਤਾਰਾਂ ਜੁੜੀਆਂ ਹੋਈਆਂ ਹਨ। ਮੋਦੀ ਸਰਕਾਰ ਦਾ ਇਹ ਸਮੁੱਚਾ ਰਾਜਨੀਤਕ ਵਰਤਾਰਾ ਪੰਜਾਬ ਲਈ ਬਹੁਤ ਹੀ ਘਾਤਕ ਹੈ ਜਿਸ ਨੂੰ ਪੰਜਾਬੀ ਭਲੀਭਾਂਤ ਸਮਝਦੇ ਹਨ ਜਿਸ ਕਾਰਨ ਪੰਜਾਬ ਦੀ ਜਨਤਾ ਭਾਜਪਾ ਸਰਕਾਰ ਦੇ ਇਨ੍ਹਾਂ ਭੈੜੇ ਮਨਸੂਬਿਆਂ ਨੂੰ ਕਦੇ ਵੀ ਬੂਰ ਨਹੀਂ ਪੈਣ ਦੇਵੇਗੀ। ਪੰਜਾਬ ਸਰਕਾਰ ਬਾਰੇ ਟਿੱਪਣੀ ਕਰਦਿਆਂ ਲਿਬਰੇਸ਼ਨ ਆਗੂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਜਿਨ੍ਹਾਂ ਸਵਾਲਾਂ ਉਪਰ ਵਿਰੋਧੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੀ ਸੀ ਉਨ੍ਹਾਂ ਸੁਆਲਾਂ ਉਪਰ ਆਮ ਆਦਮੀ ਪਾਰਟੀ ਦੀ ਸਰਕਾਰ ਖੁਦ ਕਟਹਿਰੇ ਵਿੱਚ ਖੜ੍ਹੀ ਨਜ਼ਰ ਆ ਰਹੀ ਹੈ। ਕਕ

# ਸਰਕਾਰੀ ਪ੍ਰਾਇਮਰੀ ਸਕੂਲ ਜੱਟੂਵਾਲ ਵਿਖੇ ਮਨਾਈ ਹਰੀ ਦੀਵਾਲੀ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**-ਸਰਕਾਰੀ ਪ੍ਰਾਇਮਰੀ ਸਕੂਲ ਜੱਟੂਵਾਲ ਵਿਖੇ ਦੀਵਾਲੀ ਦੇ ਤਿਉਹਾਰ ਮੌਕੇ ਪੰਜਾਬ ਸਿੱਖਿਆ ਵਿਭਾਗ ਦੇ ਬਲਾਕ ਦੀਨਾਨਗਰ -2 ਦੇ ਬੀ. ਪੀ. ਈ. ਓ. ਗੁਰਇਕਬਾਲ ਸਿੰਘ ਦੀ ਅਗਵਾਈ ਹੇਠ ਹਰੀ ਦੀਵਾਲੀ ਮਨਾਈ ਗਈ। ਇਸ ਸਬੰਧੀ ਸਕੂਲ ਮੁਖੀ ਅਨਿਲ ਕੁਮਾਰ ਅਤੇ ਪਿੰਡ ਦੇ ਸਰਪੰਚ ਮੋਹਨ ਲਾਲ ਦੀ ਦੇਖ-ਰੇਖ ਵਿੱਚ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੇਂ ਸਮਾਜ ਸੇਵੀ ਬਖਸ਼ੀਸ ਲਾਲ, ਸੂਬੇਦਾਰ ਮਦਨ ਲਾਲ ਅਤੇ ਪ. ਸ. ਵ. ਕ. ਚੇਅਰਪਰਸਨ ਕੋਮਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਜਦਕਿ ਬੱਚਿਆਂ ਦੇ ਮਾਪਿਆਂ ਨੇ ਵੀ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੌਰਾਨ ਸਕੂਲ ਅਧਿਆਪਕ ਵਿਜੇ ਕੁਮਾਰ, ਨਰੇਸ਼ ਕੁਮਾਰੀ ਅਤੇ ਸੀਮਾ ਸ਼ਰਮਾ ਨੇ ਪ੍ਰੋਗਰਾਮ ਦੀ ਸੰਚਾਲਨਾ ਕਰਦੇ ਸਕੂਲ ਦੀਆਂ ਪ੍ਰਾਪਤੀਆਂ ਦੱਸੀਆਂ। ਬੱਚਿਆਂ ਦੀ ਪੜ੍ਹਾਈ ਅਤੇ ਸਕੂਲ ਦੀ ਵਿਕਾਸ ਰਿਪੋਰਟ ਮਾਪਿਆਂ ਨਾਲ ਸਾਂਝੀ ਕੀਤੀ। ਅਧਿਆਪਕਾਂ ਅਤੇ ਮਾਪਿਆਂ ਵਲੋਂ ਬੱਚਿਆਂ ਦੀ ਬੇਹਤਰੀ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਬੱਚਿਆਂ ਦੇ ਮਾਪਿਆਂ ਅਤੇ ਆਏ ਪਤਵੰਤਿਆਂ ਨੇ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀ ਬੇਹਤਰੀ ਲਈ ਅਧਿਆਪਕਾਂ ਦਾ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਵਾਅਦਾ ਕੀਤਾ। ਆਏ ਸਭ ਮਾਪਿਆਂ ਤੇ ਪਤਵੰਤਿਆਂ ਨੇ ਸਕੂਲ ਵਿੱਚ ਇੱਕ-ਇੱਕ ਰੁੱਖ ਲਗਾ ਕੇ ਬੱਚਿਆਂ ਨੂੰ ਹਰੀ ਦੀਵਾਲੀ ਦਾ ਮੰਤਵ ਦੱਸਿਆ। ਸਕੂਲ ਮੁਖੀ ਅਨਿਲ ਕੁਮਾਰ ਵਲੋਂ ਸਮੂਹ ਸਕੂਲ ਅਤੇ ਆਏ ਮਹਿਮਾਨਾਂ ਨੂੰ ਦੀਵਾਲੀ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਸਕੂਲ ਵਿਦਿਆਰਥੀਆਂ ਅਤੇ ਸਟਾਫ ਵਲੋਂ ਵਾਤਾਵਰਣ ਦੀ ਸ਼ੁੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਹਰੀ ਦੀਵਾਲੀ ਮਨਾਉਣ ਦਾ ਪ੍ਰਣ ਲਿਆ ਤਾਂ ਕਿ ਹਰਿਆਲੀ ਤੇ ਖੁਸ਼ਹਾਲੀ ਸਦਾ ਕਾਇਮ ਰਹੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕੁਲਦੀਪ ਰਾਜ, ਗੁਲਸ਼ਨ ਕੁਮਾਰ, ਸਪਨਾ ਦੇਵੀ, ਰਜਨੀ ਕੁਮਾਰੀ, ਹਰਜੀਤ ਸਿੰਘ, ਸ਼ਾਲੂ, ਬਲਵਿੰਦਰ ਕੌਰ, ਜਸਵਿੰਦਰ ਮਿਡ ਡੇ ਮੀਲ ਅਤੇ ਪਰਮਜੀਤ ਮਿਡ-ਡੇ ਮੀਲ ਆਦਿ ਹਾਜ਼ਰ ਸਨ।

# ਮੋਮ ਦੀਆਂ ਕੀਮਤਾਂ 'ਚ ਵਾਧੇ ਨੇ ਮੋਮਬੱਤੀ ਕਾਰੋਬਾਰ ਕੀਤਾ ਠੱਪ



**ਅੰਮ੍ਰਿਤਸਰ (ਅਰੋੜਾ)** : ਭਾਰਤ ਦੇ ਧਾਰਮਿਕ ਅਤੇ ਇਤਿਹਾਸਿਕ ਪੁਰਬ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਮੌਕੇ 'ਤੇ ਲੋਕ ਸ਼ੁੱਧ ਮੋਮ ਨਾਲ ਬਣੀਆਂ ਮੋਮਬੱਤੀਆਂ ਜਲਾ ਕੇ ਆਪਣੀ ਸ਼ਰਧਾ ਦਾ ਇਜ਼ਹਾਰ ਕਰਦੇ ਸੀ। ਦੀਵਾਲੀ ਅਤੇ ਗੁਰਪੁਰਬ ਤੇ ਆਪਣੇ ਘਰਾਂ ਦੀਆਂ ਛੱਤਾਂ ਤੇ ਦੀਪਮਾਲਾ ਕਰਨ ਦੀ ਰਸਮ ਨਿਭਾਉਂਦੇ ਸੀ ਪਰ ਹੁਣ ਮੋਮਬੱਤੀਆਂ ਦੇ ਰੇਟ ਲਗਭਗ 10 ਗੁਣਾ ਵੱਧ ਚੁੱਕੇ ਹਨ। ਇਸ ਸੰਬੰਧ ਵਿੱਚ ਮੋਮਬੱਤੀਆਂ ਬਣਾਉਣ ਵਾਲਿਆਂ ਵਿੱਚ ਜਸਬੀਰ ਸਿੰਘ ਅਰੋੜਾ, ਜਸਵੰਤ ਸਿੰਘ, ਬਲਜਿੰਦਰ ਸਿੰਘ ਬੱਬੂ, ਲੱਕੀ, ਮਨੀ, ਸੰਨੀ ਆਦਿ ਨੇ ਦੱਸਿਆ ਕਿ ਕਦੇ ਇਹੋ ਜਿਹਾ ਸਮਾਂ ਸੀ ਜਦੋਂ ਮੋਮ ਦਾ ਰੇਟ 6 ਰੁਪਏ ਕਿੱਲੋ ਹੁੰਦਾ ਸੀ ਤੇ ਮੋਮਬੱਤੀਆਂ ਬਣਾਉਣ ਵਾਲੇ ਆਪਣੀ ਪੂਰੀ ਮਿਹਨਤ ਦੇ ਨਾਲ ਸਾਰੇ ਖਰਚੇ ਪਾ ਕੇ 10 ਰੁਪਏ ਪ੍ਰਤੀ ਕਿਲੋ ਮਾਰਕਿਟ ਵਿੱਚ ਵੇਚਦੇ ਸੀ ਪਰ ਹੁਣ ਮੋਮ ਦਾ ਰੇਟ 150 ਰੁਪਏ ਤੋਂ ਉੱਪਰ ਜਾ ਚੁੱਕਿਆ ਹੈ ਜਿਸ ਕਰਕੇ ਮੋਮਬੱਤੀ ਬਣਾਉਣ ਵਾਲਿਆਂ ਨੂੰ ਭਾਰੀ ਨੁਕਸਾਨ ਚੁੱਕਣਾ ਪੈ ਰਿਹਾ ਹੈ। ਜਸਬੀਰ ਸਿੰਘ ਨੇ ਦੱਸਿਆ ਕਿ ਲੋਕ ਆਪਣੀ ਇਤਿਹਾਸਿਕ ਪ੍ਰਥਾ ਨੂੰ ਭੁੱਲਦੇ ਜਾ ਰਹੇ ਹਨ। ਚਾਇਨਾ ਤੋਂ ਆਉਣ ਵਾਲੀਆਂ ਮੋਮਬੱਤੀ ਨੁਮਾ ਲੜੀਆਂ ਵਰਤੋਂ ਵਿੱਚ ਲਿਆ ਰਹੇ ਹਨ ਜਿਸ ਨਾਲ ਮੋਮਬੱਤੀਆਂ ਵਾਲਿਆਂ ਦਾ ਕਾਰੋਬਾਰ ਲਗਭਗ ਠੱਪ ਹੋ ਚੁੱਕਿਆ ਹੈ। ਉਨ੍ਹਾਂ ਨੇ ਦੱਸਿਆ ਕੇ ਕੱਚੀ ਮੋਮ ਪਿਘਲਾ ਕੇ ਮੋਮਬੱਤੀਆਂ ਬਣਾਉਣ ਫਿਰ ਉਨ੍ਹਾਂ ਨੂੰ ਧਾਗੇ ਵਿੱਚ ਪਾ ਕੇ ਡੱਬਿਆਂ ਵਿੱਚ ਪਾਉਣ ਇਹ ਸਾਰੇ ਕੰਮ ਲੇਬਰ ਦੇ ਦੁਆਰਾ ਕੀਤੇ ਜਾਂਦੇ ਹਨ। ਲੇਬਰ ਦਾ ਰੇਟ ਵੀ ਪਹਿਲਾਂ ਤੋਂ ਵੱਧ ਚੁੱਕਿਆ ਹੈ। ਇਨ੍ਹਾਂ ਸਾਰੇ ਉਪਰੋਕਤ ਕਾਰੋਬਾਰੀਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਪਹਿਲਾਂ ਮੋਮਬੱਤੀਆਂ ਬਣਾਉਣ ਵਾਲਿਆਂ ਨੂੰ ਸਬਸਿਡੀ ਦੇ ਕੇ ਕੋਟਾ ਜਾਰੀ ਕੀਤਾ ਜਾਂਦਾ ਸੀ। ਕਕ

# ਸਰਕਾਰੀ ਸਕੂਲ ਵਿਖੇ ਲਾਇਆ ਵਿਗਿਆਨ ਮੇਲਾ



**ਗੁਰੂ ਹਰਸਹਾਏ (ਫਕੀਰ ਚੰਦ ਸੀਕਰੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗੁਰੂ ਹਰਸਹਾਏ ਵਿਖੇ ਪ੍ਰਿੰਸੀਪਲ ਸੁਰੇਸ਼ ਕੁਮਾਰ ਤੇ ਸਾਇੰਸ ਅਧਿਆਪਕ ਅਮਨਦੀਪ ਸਿੰਘ, ਸਾਮਲੀ ਸ਼ਰਮਾ ਅਤੇ ਮੰਨੂ ਕਟਾਰੀਆ ਦੀ ਅਗਵਾਈ ਹੇਠ ਸਕੂਲ ਪੱਧਰ 'ਤੇ ਵਿਗਿਆਨ ਮੇਲਾ ਲਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਤੇ ਵਿਗਿਆਨ ਵਿਸ਼ੇ ਨਾਲ ਸਬੰਧਤ ਵੱਖ-ਵੱਖ ਕਿਰਿਆਵਾਂ ਪੇਸ਼ ਕੀਤੀਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਸੁਰੇਸ਼ ਕੁਮਾਰ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਵਿਦਿਆਰਥੀ ਵਿਗਿਆਨ ਦੀਆਂ ਕਿਰਿਆਵਾਂ ਪ੍ਰਯੋਗਾਤਮਕ ਵਿਧੀ ਨਾਲ ਕਰਦੇ ਹਨ, ਜਦੋਂ ਇਹ ਵਿਗਿਆਨਕ ਮਾਡਲ ਚਾਰਟ ਤੇ ਉਨ੍ਹਾਂ ਦੇ ਨਤੀਜੇ ਹੋਰਨਾਂ ਨਾਲ ਸਾਂਝਾ ਕਰਦੇ ਹਨ, ਤਾਂ ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀ ਵਧੀਆ ਤਰੀਕੇ ਨਾਲ ਸਮਝਦੇ ਹਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਗੱਲ ਉਨ੍ਹਾਂ ਦੇ ਦਿਮਾਗ ਵਿੱਚ ਪ੍ਰਪੱਕ ਹੋ ਜਾਂਦੀ ਹੈ। ਇਸ ਵਿਗਿਆਨ ਮੇਲੇ ਵਿੱਚੋਂ ਵਿਗਿਆਨ ਦੇ ਅਧਿਆਪਕ ਤੇ ਬੱਚਿਆਂ ਦੀ ਮਿਹਨਤ ਖੂਬ ਝਲਕ ਰਹੀ ਸੀ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਵੱਲੋਂ ਸਾਇੰਸ ਮੇਲੇ ਦੀ ਵਿਜ਼ਿਟ ਕੀਤੀ ਗਈ। ਇਸ ਮੌਕੇ ਬਲਾਕ ਮੈਂਟਰ ਸ੍ਰੀ ਗੁਰਮੀਤ ਸਿੰਘ ਵੀ ਉਚੇਚੇ ਤੌਰ 'ਤੇ ਹਾਜ਼ਰ ਰਹੇ।

# ਸੰਤ ਕਬੀਰ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਰੌਸ਼ਨੀ ਦਾ ਤਿਉਹਾਰ ਦੀਵਾਲੀ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਆਰੰਭ ਮਾਤਾ ਲਛਮੀ ਦੇ ਚਰਨਾਂ 'ਚ ਜੋਤ ਜਗਾ ਕੇ ਕੀਤਾ ਗਿਆ। ਵਿਦਿਆਰਥੀਆਂ ਨੇ ਭਾਸ਼ਣਾਂ ਤੇ ਕੋਰੀਓਗ੍ਰਾਫੀ ਦੇ ਮਾਧਿਅਮ ਰਾਹੀਂ ਦੀਵਾਲੀ ਦੀ ਪੂਰਵ ਮਹੱਤਤਾ ਨੂੰ ਦਰਸਾਇਆ। ਸਮਾਗਮ ਵਿੱਚ ਸ੍ਰੀ ਅੰਮ੍ਰਿਤਪਾਲ ਅਗਰਵਾਲ (ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਬਠਿੰਡਾ) ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਵਿਦਿਆਰਥੀਆਂ 'ਚ ਪ੍ਰਤੀਯੋਗਤਾ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਵਿੱਚ ਜੱਜਮੈਂਟ ਨੇ ਡਾ. ਕਪਿਲ ਸਿੰਗਲਾ (ਆਦੇਸ਼ ਮੈਡੀਕਲ) ਤੇ ਡਾ. ਪਰਵਿੰਦਰ ਕੌਰ ਨੇ ਕੀਤੀ। ਰੰਗੋਲੀ 'ਚ ਅਗਨੀ ਹਾਊਸ ਨੇ ਪਹਿਲਾ, ਡੇਜਿਟ ਵਿਦ ਆਊਟ ਫਾਇਰ 'ਚ ਆਰੀਆਭੱਟ ਹਾਊਸ ਨੇ ਪਹਿਲਾ, ਬੋਰਡ ਡੈਕੋਰੇਸ਼ਨ 'ਚ ਐਪਲ ਹਾਊਸ ਤੇ ਪ੍ਰਿਥਵੀ ਹਾਊਸ ਅਤੇ ਕਲੇਅ ਮਾਡਲਿੰਗ 'ਚ ਆਰੀਆ ਭੱਟ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮੈਡਮ ਮਮਤਾ ਨੇ ਵਿਦਿਆਰਥੀਆਂ ਨੂੰ ਫਾਇਰ ਵਰਕਸ ਦੀ ਕੈਮਿਸਟਰੀ ਤੇ ਪਟਾਕਿਆਂ ਤੋਂ ਹੋਣ ਵਾਲੇ ਪ੍ਰਦੂਸ਼ਨ ਬਾਰੇ ਦੱਸਿਆ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਦੀਵਾਲੀ ਦੀਆਂ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਤਿਉਹਾਰ ਪ੍ਰੇਮ ਤੇ ਭਾਈਚਾਰੇ ਦਾ ਪ੍ਰਤੀਕ ਹੈ। ਉਨ੍ਹਾਂ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ।

# ਥਾਂਦੇਵਾਲਾ ਬਰਾਂਚ ਸਕੂਲ 'ਚ ਰੰਗੋਲੀ ਮੁਕਾਬਲੇ ਕਰਾਏ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਨੇੜਲੇ ਪਿੰਡ ਥਾਂਦੇਵਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਥਾਂਦੇਵਾਲਾ ਬਰਾਂਚ ਵਿਖੇ ਦਿਵਾਲੀ ਦੇ ਸ਼ੁੱਭ ਮੌਕੇ 'ਤੇ ਪੂਰੀਆਂ ਛੋਲਿਆਂ ਦਾ ਲੰਗਰ ਲਗਾਇਆ ਗਿਆ ਤੇ ਬੱਚਿਆਂ ਵਿੱਚ ਹੋਰ ਗਤੀਵਿਧੀਆਂ ਪ੍ਰਫੁਲਤ ਕਰਨ ਲਈ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਾਏ ਗਏ। ਮੁੱਖ ਅਧਿਆਪਕ ਨਵਦੀਪ ਸੁੱਖੀ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਜੱਜਮੈਂਟ ਦੀ ਭੂਮਿਕਾ ਜਸਵਿੰਦਰ ਜੱਸੀ ਤੇ ਗੁਰਪ੍ਰੀਤ ਬਰੀਵਾਲਾ ਨੇ ਨਿਭਾਈ, ਜਦਕਿ ਟਾਇਮ ਕੀਪਿੰਗ ਸ਼ਕੁੰਤਲਾ ਦੇਵੀ ਨੇ ਕੀਤੀ। ਅੰਤ ਵਿੱਚ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ।

# ਬਾਬਾ ਮੋਨੀ ਜੀ ਡਿਗਰੀ ਕਾਲਜ ਵਿਖੇ ਵੱਖ-ਵੱਖ ਮੁਕਾਬਲੇ ਕਰਵਾਏ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਵਿਖੇ ਦੀਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਦੇ ਦੀਵਾ ਬਣਾਉਣ, ਪੋਸਟਰ ਬਣਾਉਣ ਤੇ ਲੜੀਆਂ ਬਣਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ। ਮੁਕਾਬਲਿਆਂ 'ਚੋਂ ਦੀਵਾ ਬਣਾਉਣ 'ਚ ਗੁਰਿੰਦਰਜੀਤ ਕੌਰ (ਬੀ. ਸੀ. ਏ. ਭਾਗ-1) ਨੇ ਪਹਿਲਾ ਸਥਾਨ ਹਾਸਲ ਕੀਤਾ।

ਪੋਸਟਰ ਬਣਾਉਣ ਵਿੱਚ ਪਪਨਦੀਪ ਕੌਰ (+1) ਨੇ ਪਹਿਲਾ, ਸੁਖਵੀਰ ਕੌਰ (+2) ਨੇ ਦੂਜਾ ਤੇ ਰਾਜਵੀਰ ਕੌਰ (ਬੀ. ਏ. ਭਾਗ-3) ਨੇ ਤੀਜਾ ਸਥਾਨ ਹਾਸਲ ਕੀਤਾ। ਆਰਟ ਐਂਡ ਕਰਾਫਟ ਮੁਕਾਬਲੇ 'ਚੋਂ ਬੀ. ਸੀ. ਏ. ਭਾਗ ਪਹਿਲਾ ਦੀ ਵਿਦਿਆਰਥਣ ਫਸਟ ਰਹੀ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਤੇ ਐਡਮਿਨਸਟ੍ਰੇਟਿਵ ਕੁਲਵੀਰ ਸਿੰਘ ਨੇ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕੀਤੀ। ਡਿਗਰੀ ਵਿਭਾਗ ਦੇ ਪ੍ਰਿੰਸੀਪਲ ਅਮਨਿੰਦਰ ਕੌਰ ਤੇ ਐਜੂਕੇਸ਼ਨ ਵਿਭਾਗ ਦੇ ਵਾਇਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਜੇਤੂ ਵਿਦਿਆਰਥਣਾਂ ਨੂੰ ਸਨਮਾਨਤ ਕਰਦਿਆਂ ਅੱਗੇ ਤੋਂ ਅਜਿਹੇ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਇਸ ਸੰਸਥਾ ਵਿੱਚ ਹਮੇਸ਼ਾ ਹੀ ਕੋਈ ਨਾ ਕੋਈ ਸੱਭਿਆਚਾਰਕ ਗਤੀਵਿਧੀ ਕਰਵਾਈ ਜਾਂਦੀ ਹੈ। ਇਸ ਮੌਕੇ ਪ੍ਰੋ. ਹਰਪਿੰਦਰ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਮੋਨਿਕਾ ਗਰਗ, ਪ੍ਰੋ. ਕੁਲਦੀਪ ਕੌਰ, ਪ੍ਰੋ. ਦਲਜੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ (ਪੰਜਾਬੀ), ਪ੍ਰੋ. ਗੁਰਪ੍ਰੀਤ ਕੌਰ (ਕੰਪਿਊਟਰ), ਪ੍ਰੋ. ਹਰਮਨਪ੍ਰੀਤ ਕੌਰ, ਪ੍ਰੋ. ਵਰਦੀਪ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਵਰਿੰਦਰ ਸਿੰਘ, ਪ੍ਰੋ. ਪ੍ਰਦੀਪ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ।



# ਮੂਸੇ ਤੋਂ ਇਲਾਵਾ ਕਈ ਪਿੰਡ ਮਨਾਉਣਗੇ ਕਾਲੀ ਦੀਵਾਲੀ




**ਮਾਨਸਾ (ਰੀਤਵਾਲ)** ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਨਾ ਮਿਲਣ ਦੇ ਰੋਸ ਵਜੋਂ ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵੱਲੋਂ ਕਾਲੀ ਦੀਵਾਲੀ ਮਨਾਉਣ ਦਾ ਫੈਸਲਾ ਲਿਆ ਗਿਆ ਹੈ। ਪਿੰਡ ਮੂਸਾ ਤੋਂ ਇਲਾਵਾ ਸਿੱਧੂ ਮੂਸੇਵਾਲਾ 'ਦਿ ਲਾਸਟ ਰਾਈਡ' ਪਿੰਡ ਜਵਾਹਰਕੇ ਵੱਲੋਂ ਵੀ ਦੀਵਾਲੀ ਨਾ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। 29 ਮਈ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿੱਚ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਅਣਪਛਾਤਿਆਂ ਵੱਲੋਂ ਸ਼ਰ੍ਹੇਆਮ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਪੰਜ ਮਹੀਨੇ ਦਾ ਸਮਾਂ ਹੋ ਚੁੱਕਿਆ ਹੈ ਤੇ ਅੱਜ ਵੀ ਮੂਸੇਵਾਲਾ ਦੇ ਮਾਤਾ-ਪਿਤਾ ਇਨਸਾਫ਼ ਦੇ ਲਈ ਸਰਕਾਰ ਉੱਪਰ ਰੋਸ ਜ਼ਾਹਰ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਅਜੇ ਤੱਕ ਸਿੱਧੂ ਨੂੰ ਇਨਸਾਫ ਨਹੀਂ ਮਿਲਿਆ ਅਤੇ ਸ਼ਰ੍ਹੇਆਮ ਗੈਂਗਸਟਰ ਘੁੰਮ ਰਹੇ ਹਨ। ਦੂਜੇ ਪਾਸੇ ਜਿੱਥੇ ਦੀਵਾਲੀ ਦਾ ਤਿਉਹਾਰ ਪੂਰੇ ਦੇਸ਼ ਭਰ ਦੇ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ, ਉੱਥੇ ਹੀ ਮਾਨਸਾ ਜ਼ਿਲ੍ਹੇ ਦੇ ਕਈ ਪਿੰਡਾਂ ਵੱਲੋਂ ਦੀਵਾਲੀ ਨੂੰ ਕਾਲੀ ਦੀਵਾਲੀ ਦੇ ਰੂਪ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ।

ਪਿੰਡ ਮੂਸਾ ਤੋਂ ਇਲਾਵਾ ਸਿੱਧੂ ਮੂਸੇਵਾਲੇ ਦੇ ਲਾਸਟ ਰਾਈਡ ਪਿੰਡ ਜਵਾਹਰਕੇ, ਬੁਰਜ ਢਿੱਲਵਾਂ, ਜੋਗਾ, ਰਮਦਿੱਤੇਵਾਲਾ, ਖੋਖਰ, ਸੱਦਾ ਸਿੰਘ ਵਾਲਾ, ਗੇਲੇ ਤੇ ਗਾਗੋਵਾਲ ਆਦਿ ਪਿੰਡਾਂ ਵੱਲੋਂ ਇਸ ਦੀਵਾਲੀ ਨੂੰ ਕਾਲੀ ਦੀਵਾਲੀ ਦੇ ਰੂਪ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ ਕਿਉਂਕਿ ਸਿੱਧੂ ਮੂਸੇਵਾਲਾ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਪਿੰਡ ਜਵਾਹਰਕੇ ਦੇ ਸਾਬਕਾ ਸਰਪੰਚ ਤੇ ਪੰਚਾਇਤ ਮੈਂਬਰ ਵੱਲੋਂ ਵੀ ਸਰਕਾਰ ਉੱਪਰ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਇਨਸਾਫ਼ ਨਾ ਮਿਲਣ ਦੇ ਕਾਰਨ ਜਵਾਹਰਕੇ ਪਿੰਡ ਵਿੱਚ ਕਾਲੀ ਦੀਵਾਲੀ ਮਨਾਈ ਜਾਵੇਗੀ, ਕਿਉਂਕਿ ਸਿੱਧੂ ਮੂਸੇਵਾਲਾ ਦਾ ਪਿੰਡ ਜਵਾਹਰਕੇ ਦੇ ਵਿੱਚ ਸ਼ਰ੍ਹੇਆਮ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਪਰ ਸਰਕਾਰ ਅਜੇ ਤੱਕ ਸਿੱਧੂ ਦੇ ਪਰਵਾਰ ਨੂੰ ਇਨਸਾਫ਼ ਨਹੀਂ ਦਿਵਾ ਸਕੀ।

ਮੂਸਾ ਪਿੰਡ ਵਾਸੀਆਂ ਵੱਲੋਂ ਵੀ ਇਸ ਵਾਰ ਦੀਵਾਲੀ ਨੂੰ ਕਾਲੀ ਦੀਵਾਲੀ ਮਨਾਉਣ ਦਾ ਫ਼ੈਸਲਾ ਕੀਤਾ ਹੈ, ਉੱਥੇ ਹੀ ਉਨ੍ਹਾਂ ਆਸ-ਪਾਸ ਦੇ ਪਿੰਡਾਂ ਵੱਲੋਂ ਜੋ ਕਾਲੀ ਦੀਵਾਲੀ ਮਨਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾ ਸਵਾਗਤ ਵੀ ਕੀਤਾ ਤੇ ਨਾਲ ਕੀ ਉਨ੍ਹਾਂ ਦੇਸ਼ਾਂ ਵਿਦੇਸ਼ਾਂ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਵਸਦੇ ਸਿੱਧੂ ਮੂਸੇਵਾਲਾ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਵਾਰ ਦੀਵਾਲੀ ਨੂੰ ਕਾਲੀ ਦੀਵਾਲੀ ਦੇ ਵਜੋਂ ਮਨਾਉਣ।

# ਸਹਾਰਾ ਵੱਲੋਂ ਨਵਜੰਮੀਆਂ ਬੱਚੀਆਂ ਨਾਲ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ ਸੇਵੀ ਸੰਸਥਾ ਸਹਾਰਾ ਫਾਊਂਡੇਸ਼ਨ ਵੱਲੋਂ ਸਿਵਲ ਹਸਪਤਾਲ ਵਿਖੇ ਗਾਇਨੀ ਵਾਰਡ ਵਿੱਚ ਡਾ ਪਰਮਿੰਦਰ ਕੌਰ ਸਿਵਲ ਸਰਜਨ ਦੇ ਦਿਸ਼ਾ ਨਿਰਦੇਸ਼ ਤੇ ਡਾ ਬਲਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ, ਡਾ. ਹਰਪ੍ਰੀਤ ਕੌਰ ਰੇਖੀ ਗਾਇਨੀ ਸਪੈਸ਼ਲਿਸਟ ਦੀ ਦੇਖ-ਰੇਖ ਹੇਠ ਕੀਤੇ ਸੰਖੇਪ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਨਵਜੰਮੀਆਂ ਬੱਚੀਆਂ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਪਹਿਲੀ ਦੀਵਾਲੀ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਸਮੇਂ ਵਿਪਨ ਅਰੋੜਾ ਤੇ ਸਟਾਫ਼ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਰਬਜੀਤ ਸਿੰਘ ਰੇਖੀ ਚੇਅਰਮੈਨ, ਸੁਰਿੰਦਰ ਪਾਲ ਸਿੰਘ ਸਿਦਕੀ ਕੋਆਰਡੀਨੇਟਰ ਤੇ ਡਾ. ਦਿਨੇਸ਼ ਗਰੋਵਰ ਡਾਇਰੈਕਟਰ ਮੈਡੀਕਲ ਵਿੰਗ ਨੇ ਦੀਵਾਲੀ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਤੇ ਸ਼ੁਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਹੁਣ ਲੜਕੇ ਤੇ ਲੜਕੀ ਵਿੱਚ ਬਹੁਤਾ ਫ਼ਰਕ ਨਹੀਂ ਸਮਝਿਆ ਜਾਂਦਾ, ਜਿਸ ਕਾਰਨ ਬੇਟੀਆਂ ਦੀ ਵੀ ਲੋਹੜੀ ਤੇ ਦੀਵਾਲੀ ਉਸੇ ਖੁਸ਼ੀਆਂ ਨਾਲ ਮਨਾਈ ਜਾਂਦੀ ਹੈ, ਜਿਸ ਤਰ੍ਹਾਂ ਬੇਟਿਆਂ ਦੀ ਮਨਾਈ ਜਾਂਦੀ ਹੈ।

ਲੜਕੀਆਂ ਉੱਚ ਵਿਦਿਆ ਪ੍ਰਾਪਤ ਕਰਕੇ ਦੇਸ਼ ਦੇ ਉੱਚ ਅਹੁਦਿਆਂ 'ਤੇ ਪਹੁੰਚ ਚੁੱਕੀਆਂ ਹਨ, ਜਿਸ ਦੀ ਪ੍ਰਤੱਖ ਉਦਾਹਰਣ ਦੇਸ਼ ਦੇ ਸਰਵਉੱਚ ਅਹੁਦੇ 'ਤੇ ਡਾ. ਦਰੋਪਤੀ ਮੁਰਮੂ ਦਾ ਰਾਸ਼ਟਰਪਤੀ ਵਜੋਂ ਸੁਸ਼ੋਭਿਤ ਹੋਣਾ ਅਤੇ ਡਾ ਸੀਤਾਰਮਨ ਦੇ ਹੱਥ ਵਿੱਤ ਮੰਤਰੀ ਵਜੋਂ ਦੇਸ਼ ਦੀ ਅਰਥ ਵਿਵਸਥਾ ਦੀ ਵਾਗਡੋਰ ਦੇਣੀ। ਇਸ ਮੌਕੇ ਸਹਾਰਾ ਟੀਮ ਮੈਂਬਰਾਂ ਨੇ ਬੱਚੀਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ 'ਮਾਂ ਨਹੀਂ ਤੋ ਬੇਟੀ ਨਹੀਂ : ਬੇਟੀ ਨਹੀਂ ਤੋ ਬੇਟਾ ਨਹੀਂ' ਦਾ ਸੰਦੇਸ਼ ਦਿੰਦੇ ਹੋਏ ਉਨਾਂ ਦੀਆਂ ਮਾਤਾਵਾਂ ਨੂੰ ਜਿਥੇ ਵਧਾਈ ਕਾਰਡ ਦਿੱਤੇ, ਉੱਥੇ ਕੁੱਖ ਤੇ ਰੁੱਖ ਦੀ ਸੰਭਾਲ ਕਰਨ ਅਤੇ ਪ੍ਰਦੂਸ਼ਣ ਰਹਿਤ ਗਰੀਨ ਦਿਵਾਲੀ ਮਨਾਉਣ ਦੀ ਪ੍ਰੇਰਣਾ ਹਿਤ ਬੂਟੇ ਵੀ ਵੰਡੇ ਤੇ ਫਰੂਟ ਅਤੇ ਮਠਿਆਈਆਂ ਦਿੱਤੀਆਂ ਗਈਆਂ।

ਇਸ ਸਮੇਂ ਵੰਦਨਾ ਸਲੂਜਾ, ਰਾਣੀ, ਡਾ ਸ਼ਮਿੰਦਰ ਸਿੰਘ, ਸੁਭਾਸ਼ ਕਰਾੜੀਆ, ਵਰਿੰਦਰ ਜੀਤ ਸਿੰਘ ਬਜਾਜ, ਅਸ਼ੋਕ ਕੁਮਾਰ, ਰਾਕੇਸ਼ ਕੁਮਾਰ, ਰਣਜੀਤ ਸਿੰਘ ਬੱਬੀ, ਅਭਿਨੰਦਨ ਚੌਹਾਨ, ਨਰਿੰਦਰ ਸਿੰਘ ਬੱਬੂ ਆਦਿ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ। ਡਾ. ਬਲਜੀਤ ਸਿੰਘ ਤੇ ਡਾ ਹਰਪ੍ਰੀਤ ਕੌਰ ਰੇਖੀ ਨੇ ਸਹਾਰਾ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਐੱਸ ਐੱਫ ਸੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਗਰੀਨ ਦਿਵਾਲੀ ਲਈ ਕੱਢੀ ਰੈਲੀ



ਕੁਇੱਜ਼ ਮੁਕਾਬਲੇ 'ਚ ਹਿੱਸਾ ਲੈਂਦੇ ਹੋਏ ਵਿਦਿਆਰਥੀ।

**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਕਾਨਵੈਂਟ ਸਕੂਲ ਜਲਾਲਾਬਾਦ ਮੋਗਾ ਵਿਖੇ ਕੁਇੱਜ਼ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲੇ ਪੰਜਵੀਂ ਤੇ ਛੇਵੀਂ ਦੇ ਬੱਚਿਆਂ ਦਰਮਿਆਨ ਕਰਵਾਏ ਗਏ। ਇਸ ਮੁਕਾਬਲੇ ਵਿੱਚ ਜਰਨਲ ਨੌਲਿਜ ਤੇ ਮੈਥ ਦੇ ਨਾਲ ਸਬੰਧਤ ਪ੍ਰਸ਼ਨ ਪੁੱਛੇ ਗਏ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਇਸ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਬੱਚਿਆਂ ਨੂੰ ਚਾਰ ਟੀਮਾਂ ਵਿੱਚ ਵੰਡਿਆ ਗਿਆ ਸੀ। ਇਹ ਟੀਮਾਂ ਏ, ਬੀ, ਸੀ ਤੇ ਡੀ ਸਨ, ਜਿਨ੍ਹਾਂ ਵਿੱਚੋਂ ਟੀਮ ਸੀ ਵਿਜੇਤਾ ਰਹੀ। ਇਹ ਮੁਕਾਬਲਾ ਮੈਡਮ ਜਸਵਿੰਦਰ ਕੌਰ, ਬਲਜੀਤ ਕੌਰ ਤੇ ਸ਼ਿਵਾਨੀ ਮੈਡਮ ਦੀ ਨਿਗਰਾਨੀ ਹੇਠ ਕਰਵਾਇਆ ਗਿਆ।

ਇਸ ਮੌਕੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਪਵਨਦੀਪ ਕੌਰ ਚਾਹਲ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ।

ਉਨ੍ਹਾ ਕਿਹਾ ਕਿ ਗਿਆਨ ਦੀ ਪਰਖ ਲਈ ਮਨੋਰੰਜਨ ਢੰਗ ਨਾਲ ਦੋ ਟੀਮਾਂ ਜਾਂ ਵਿਅਕਤੀਆਂ ਵਿਚਕਾਰ ਮੁਕਾਬਲਾ ਕਰਵਾਉਣ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ, ਇਸ ਵਿਧੀ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਸਕੂਲ ਵਿੱਚ ਕੁਇੱਜ਼ ਮੁਕਾਬਲਾ ਕਰਵਾਇਆ ਗਿਆ ਹੈ। ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ।

# ਬਾਬਾ ਫ਼ਰੀਦ ਸੀਨੀ. ਸੈਕ. ਸਕੂਲ 'ਚ 'ਦੀਵਾਲੀ ਫੈਸਟ' ਮਨਾਇਆ



**ਬਠਿੰਡਾ, (ਪਰਵਿੰਦਰ ਜੀਤ ਸਿੰਘ)**-ਦੀਵਾਲੀ ਦੇ ਸ਼ੁੱਭ ਮੌਕੇ 'ਤੇ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵਿਖੇ 'ਦੀਵਾਲੀ ਫੈਸਟ' ਆਯੋਜਤ ਕੀਤਾ ਗਿਆ, ਜਿਸ ਤਹਿਤ ਸਕੂਲ ਦੇ ਵਿਦਿਆਰਥੀਆਂ ਲਈ ਗਰੀਟਿੰਗ ਕਾਰਡ ਬਣਾਉਣ, ਰੰਗੋਲੀ ਬਣਾਉਣ ਤੇ ਦੀਵਾ ਸਜਾਉਣ ਆਦਿ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੌਰਾਨ ਸਕੂਲ ਦੇ ਗਿਆਰਵੀਂ ਤੇ ਬਾਰਵੀਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਅਤੇ ਸੁੰਦਰ ਕਲਾਕ੍ਰਿਤਾਂ ਤੇ ਡਿਜ਼ਾਈਨ ਕਰਨ ਸੰਬੰਧੀ ਆਪਣੀ ਪ੍ਰਤਿਭਾ ਦੇ ਬਿਹਤਰੀਨ ਨਮੂਨਿਆਂ ਦੀ ਪੇਸ਼ਕਾਰੀ ਕੀਤੀ। ਗਰੀਟਿੰਗ ਕਾਰਡ ਬਣਾਉਣ ਦੇ ਮੁਕਾਬਲੇ ਵਿੱਚ 10+2 ਮੈਡੀਕਲ-ਏ ਦੀ ਕੋਮਲਪ੍ਰੀਤ ਕੌਰ, 10+2 ਆਰਟਸ-ਏ ਦੀ ਜਸਲੀਨ ਕੌਰ ਤੇ 10+2 ਆਰਟਸ-ਏ ਦੀ ਲਵਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕਰਕੇ ਬਾਜ਼ੀ ਮਾਰੀ। ਰੰਗੋਲੀ ਬਣਾਉਣ ਮੁਕਾਬਲੇ ਵਿੱਚ 10+2 ਮੈਡੀਕਲ-ਏ ਦੀ ਮਹਿੰਦਰ ਕੌਰ ਤੇ ਈਸ਼ਾ ਨੇ ਪਹਿਲਾ ਸਥਾਨ, 10+2 ਕਾਮਰਸ-ਬੀ ਦੀ ਜਸਦੀਪ ਕੌਰ ਤੇ ਸ਼ਰੂਤੀ ਸਿੰਗਲਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ, ਜਦੋਂਕਿ 10+1 ਮੈਡੀਕਲ-ਬੀ ਦੀ ਖ਼ੁਸ਼ਪ੍ਰੀਤ ਕੌਰ ਤੇ ਸਿਮਰਨਜੀਤ ਕੌਰ ਅਤੇ 10+2 ਆਰਟਸ-ਡੀ ਦੀ ਕੋਮਲਪ੍ਰੀਤ ਕੌਰ ਤੇ ਜਸ਼ਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਦੀਵਾ-ਸਜਾਉਣ ਸੰਬੰਧੀ ਮੁਕਾਬਲੇ ਦੌਰਾਨ 10+1 ਕਾਮਰਸ-ਏ ਦੀ ਵਨਸ਼ਿਕਾ ਅਰੋੜਾ ਪਹਿਲੇ, ਜਦੋਂਕਿ 10+2 ਕਾਮਰਸ-ਏ ਦੇ ਅਰਮਾਨਦੀਪ ਸਿੰਘ ਦੂਸਰੇ ਤੇ 10+1 ਮੈਡੀਕਲ-ਏ ਦੀ ਜਸ਼ਨਦੀਪ ਕੌਰ ਅਤੇ 10+1 ਆਰਟਸ-ਏ ਦੀ ਖ਼ੁਸ਼ਬੀਰ ਕੌਰ ਤੀਸਰੇ ਸਥਾਨ 'ਤੇ ਰਹੀ। ਸਕੂਲ ਦੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਨੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਕਲਾਕ੍ਰਿਤੀਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਦੀਵਾਲੀ ਫੈਸਟ ਦੇ ਆਯੋਜਨ ਲਈ ਸਕੂਲ ਦੇ ਪ੍ਰਿੰਸੀਪਲ, ਸਟਾਫ਼ ਤੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਰਹਿਤ ਗਰੀਨ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ।

# ਡੀ.ਏ.ਵੀ. ਸਕੂਲ 'ਚ ਦੀਵਾਲੀ ਮੇਲਾ ਮਨਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ ਲਹਿਰਾਗਾਗਾ ਦੇ ਗਰਾਊਂਡ ਵਿੱਚ ਸਕੂਲ ਪ੍ਰਧਾਨ ਮੈਡਮ ਉਰਮਲਾ ਰਾਣੀ ਦੀ ਯੋਗ ਅਗਵਾਈ ਵਿੱਚ ਦੀਵਾਲੀ ਮੇਲੇ ਦੇ ਆਯੋਜਨ ਕੀਤਾ ਗਿਆ, ਜਿਸ ਵਿੱਚ ਜਿੱਥੇ ਸਕੂਲੀ ਵਿਦਿਆਰਥੀਆਂ ਨੇ ਸੈਂਡਵਿੱਚ, ਨੂਡਲਜ਼, ਪੋਪਕੋਰਨ, ਗੋਲਗੱਪੇ, ਦਹੀਂ ਭੱਲੇ, ਫਰੂਟ ਚਾਟ, ਵੇਲਪੂਰੀ, ਬੇਕਰੀ, ਪੇਸਟਰੀ, ਪੈਟੀਜ਼ ਤੋਂ ਇਲਾਵਾ ਮਿੱਟੀ ਦੇ ਬਰਤਨ, ਖਿਡੌਣੇ, ਕੋਲਡ ਡਰਿੰਕਸ ਤੋਂ ਇਲਾਵਾ ਦੀਵਾਲੀ ਦੇ ਤਿਉਹਾਰ ਦੀ ਸਜਾਵਟ ਸਬੰਧੀ ਸਾਮਾਨ ਗੰਨ ਸ਼ੂਟਿੰਗ, ਮਟਕਾ ਗੇਮ ਆਦਿ ਦੀਆਂ ਸਟਾਲਾਂ ਲਗਾਈਆਂ ਗਈਆਂ, ਉੱਥੇ ਦੇ ਮਨੋਰੰਜਨ ਲਈ ਝੂਲੇ, ਗੀਤ-ਸੰਗੀਤ ਆਦਿ ਦਾ ਵੀ ਪ੍ਰਬੰਧ ਕੀਤਾ ਗਿਆ, ਜਿਹੜਾ ਕਿ ਮਾਪਿਆਂ ਤੇ ਲੋਕਾਂ ਦੇ ਖਿੱਚ ਦਾ ਕੇਂਦਰ ਬਣੇ ਰਹੇ।

ਇਸ ਮੌਕੇ ਸਕੂਲ ਦੇ ਉੱਪ ਪ੍ਰਧਾਨ ਲੱਕੀ ਖੋਖਰ, ਪ੍ਰਵੀਨ ਖੋਖਰ, ਸੁਖਵੀਰ ਕੌਰ, ਐਡਵੋਕੇਟ ਅਨਿਰੁਧ ਕੌਸ਼ਲ, ਮੈਡਮ ਅਰਪਣਾ ਰਾਣੀ, ਏ. ਕੇ. ਕੌਸ਼ਲ, ਸੋਨੀਆ ਰਾਣੀ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਪਟਾਕੇ ਰਹਿਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ। ਮੇਲੇ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ, ਮਾਪਿਆਂ ਨੇ ਖੂਬ ਖਰੀਦੋ-ਫਰੋਖਤ ਕੀਤੀ।

# 11 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਤੇ ਪੌਦੇ ਵੰਡ ਕੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਦਿੱਤਾ ਸੱਦਾ



**ਜਲਾਲਾਬਾਦ, (ਸਤਨਾਮ ਸਿੰਘ/ਜੀਤ ਕੁਮਾਰ)** ਮਨੁੱਖਤਾ ਦੀ ਸੇਵਾ ਸਰਬੱਤ ਦਾ ਭਲਾ ਸੁਸਾਇਟੀ (ਰਜਿ.) ਐਨ.ਜੀ.ਓ. ਸੰਸਥਾ ਵੱਲੋਂ ਗਰੀਨ ਦੀਵਾਲੀ ਮਨਾਉਣ ਦੇ ਉਦੇਸ਼ ਨਾਲ ਲੜਵੰਦ ਪਰਵਾਰਾਂ ਨੂੰ ਰਾਸ਼ਨ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਵੰਡ ਕੇ ਸਮਾਜ ਵਿਚ ਵੱਖਰੀ ਪਿਰਤ ਪਾਈ ਗਈ ਹੈ। ਇਸ ਸਬੰਧੀ ਆਯੋਜਿਤ ਸਮਾਗਮ 'ਚ ਸਰਕਾਰੀ ਹਸਪਤਾਲ ਦੀ ਐਸ.ਐਮ.ਓ. ਡਾ. ਸੁਮਨਦੀਪ ਬਤੌਰ ਮੁੱਖ ਮਹਿਮਾਨ ਤੇ ਆਯੁਰਵੈਦਿਕ ਡਾ. ਗੁਰਸ਼ਨ ਕੌਰ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ।

ਸੰਸਥਾ ਦੇ ਸਰਪ੍ਰਸਤ ਡਾ. ਰਾਜ ਮਹਿਰੋਕ, ਪ੍ਰਧਾਨ ਸਤਨਾਮ ਸਿੰਘ, ਜਸਵਿੰਦਰ ਸਿੰਘ, ਅੰਕੁਸ਼, ਹਰਜੀਤ ਸਿੰਘ, ਡਾ.ਤਰਨਵੀਰ, ਪ੍ਰਗਟ ਸਿੰਘ ਖਾਲਸਾ, ਗੁਰਵਿੰਦਰ ਸੱਗੂ, ਰਮੇਸ਼ ਲਾਡੀ, ਲਾਡੀ ਧਮੀਜਾ, ਸਟੇਟ ਅਵਾਰਡੀ ਅਧਿਆਪਕ ਪ੍ਰਭਦੀਪ ਸਿੰਘ ਗੂੰਬਰ, ਈਕੋ ਸੇਵਰ ਕਲੱਬ ਦੀ ਸਮੂਹ ਟੀਮ ਮੈਂਬਰ, ਕਲਗੀਧਰ ਦਸ਼ਮੇਸ਼ ਸੇਵਾ ਸੁਸਾਇਟੀ, ਭਾਈ ਘਨੱਈਆ ਸੇਵਾ ਮਿਸ਼ਨ, ਗੁਰੂ ਕਾ ਲੰਗਰ ਸੇਵਾ ਸੁਸਾਇਟੀ ਜੰਮੂ ਬਸਤੀ ਜਲਾਲਾਬਾਦ ਤੇ ਪੱਤਰਕਾਰ ਮੌਜੂਦ ਸਨ। ਇਸ ਮੌਕੇ ਸਭ ਤੋਂ ਪਹਿਲਾਂ ਮਨੁੱਖਤਾ ਦੀ ਸੇਵਾ ਸਰਬੱਤ ਦਾ ਭਲਾ ਸੰਸਥਾ ਵੱਲੋਂ ਕੀਤੇ ਜਾ ਰਹੇ ਮਾਨਵਤਾ ਭਲਾਈ ਦੇ ਕੰਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸੰਸਥਾ ਦੇ ਮੈਂਬਰ ਜਸਵਿੰਦਰ ਸਿੰਘ ਦੁਆਰਾ ਦਿੱਤੀ ਗਈ ਤੇ ਸਮਾਗਮ ਦੇ ਦੌਰਾਨ ਸੰਸਥਾ ਵਲੋਂ ਜਿੱਥੇ 10 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਹੈ, ਉਥੇ ਹੀ ਇਸਦੇ ਨਾਲ ਪੌਦੇ ਵੰਡ ਕੇ ਪ੍ਰਦੂਸ਼ਣ ਮੁਕਤ ਹਰੀ ਦੀਵਾਲੀ ਮਨਾਉਣ ਲਈ ਜਾਗਰੂਕ ਕੀਤਾ ਗਿਆ।

ਇਸ ਦੇ ਨਾਲ ਹੀ ਸਮਾਜ ਸੇਵਾ ਦੇ ਕੰਮ ਕਰਨ ਲਈ ਵੀ ਪ੍ਰੇਰਤ ਕੀਤਾ ਗਿਆ।

ਇਸ ਮੌਕੇ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਥਿੰਦ ਤੇ ਸਟੇਟ ਐਵਾਰਡੀ ਅਧਿਆਪਕ ਪ੍ਰਭਦੀਪ ਸਿੰਘ ਗੂੰਬਰ ਨੇ ਕਿਹਾ ਕਿ ਸਾਡੇ ਤਿਉਹਾਰ ਖੁਸ਼ੀਆਂ-ਖੇੜਿਆਂ ਦਾ ਸਰੋਤ ਹੋਇਆ ਕਰਦੇ ਸਨ, ਪਰ ਵਕਤ ਦੇ ਨਾਲ ਨਾਲ ਮਨੁੱਖ ਨੇ ਇਨ੍ਹਾਂ ਨੂੰ ਪ੍ਰਦੂਸ਼ਣ ਦੇ ਕਾਰਨ ਬਣਾ ਕੇ ਰੱਖ ਦਿੱਤਾ ਹੈ। ਇਸ ਲਈ ਜ਼ਰੂਰੀ ਹੈ ਕਿ ਮਨੁੱਖ ਕੁਦਰਤ ਨਾਲ ਆਪਣੀ ਟੁੱਟੀ ਸਾਂਝ ਨੂੰ ਮੁੜ ਜੋੜੇ ਤੇ ਤਿਉਹਾਰਾਂ ਨੂੰ ਵਿਰਾਸਤੀ ਤਰੀਕੇ ਨਾਲ ਮਨਾਇਆ ਜਾਵੇ।

24-Oct Page 9.qxd 10/23/2022 10:34 PM Page 1



# ਡਿਊਟੀ ਦੌਰਾਨ ਸ਼ਹੀਦ ਹੋਏ ਪੁਲਸ ਕਰਮੀਆਂ ਦਾ ਮਨਾਇਆ ਯਾਦਗਾਰੀ ਦਿਵਸ



**ਰੋਪੜ( ਬਿੰਦਰਾ )** ਡਿਊਟੀ ਦੌਰਾਨ ਸ਼ਹੀਦ ਹੋਏ ਪੁਲਸ ਅਧਿਕਾਰੀਆਂ ਅਤੇ ਮੁਲਾਜਮਾਂ ਦੀ ਯਾਦ ਵਿੱਚ ਪੁਲਸ ਲਾਈਨ ਰੋਪੜ ਵਿਖੇ ਪੁਲਸ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਪੰਜਾਬ ਪੁਲਸ ਦੇ ਜਵਾਨਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਐਸ ਐਸ ਪੀ ਸੰਦੀਪ ਗਰਗ ਨੇ ਦੱਸਿਆ ਕਿ ਪੰਜਾਬ ਪੁਲਸ ਦਾ ਗੌਰਵਮਈ ਇਤਿਹਾਸ ਹੈ। ਪੰਜਾਬ ਪੁਲਸ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਵਡੀਆਂ ਕੁਰਬਾਨੀਆਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਸ਼ਹੀਦਾਂ ਦੇ ਪਰਵਾਰ ਸਾਡੇ ਅਪਣੇ ਪਰਵਾਰ ਹਨ। ਹਰ ਦੁੱਖ ਸੁੱਖ ਵੇਲੇ ਪੰਜਾਬ ਪੁਲਸ ਦਾ ਹਰ ਜਵਾਨ ਉਹਨਾਂ ਦੇ ਨਾਲ ਖੜ੍ਹਾ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼ਾਮ ਲਾਲ, ਬਰਿੰਦਰ ਸਿੰਘ ਰੁਮਾਣਾ ਨੇ ਵੀਸ਼ਸਹੀਦੀ ਸਮਾਰਕ ਤੇ ਸ਼ਰਧਾ ਸੁਮਨ ਭੇਟ ਕੀਤੇ। ਪੁਲਸ ਮੁਖੀ ਨੇ ਸ਼ਹੀਦ ਜਵਾਨਾਂ ਦੇ ਪਰਵਾਰਾਂ ਨਾਲ ਭੇਟ ਕੀਤੀ ਅਤੇ ਉਹਨਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ। ਪੁਲਸ ਦੀ ਹਥਿਆਰਬੰਦ ਟੁਕੜੀ ਨੇ ਸ਼ਹੀਦਾਂ ਨੂੰ ਸਲਾਮੀ ਦਿੱਤੀ, ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਡੀ ਐਸ ਪੀ ਸਿਮਰਨਜੀਤ ਸਿੰਘ ਦੱਸਿਆ ਕਿ 261 ਜਵਾਨ ਡਿਊਟੀ ਦੌਰਾਨ ਸ਼ਹੀਦ ਹੋਏ। ਉਹਨਾਂ ਨੇ ਸ਼ਹੀਦਾਂ ਦੇ ਨਾਂਅ ਪੜ੍ਹ ਕੇ ਸੁਣਾਏ। ਇਸ ਮੌਕੇ ਸ੍ਰੀਮਤੀ ਮਨੀਸ਼ਾ ਰਾਣਾ ਐਸ.ਡੀ.ਐਮ ਸਫਰੀ ਅਨੰਦਪੁਰ ਸਾਹਿਬ, ਸਹਾਇਕ ਕਮਿਸ਼ਨਰ ਦੀਪਾਂਕਰ ਗਰਗ, ਹਰਬੰਸ ਸਿੰਘ ਐਸ ਡੀ ਐਮ ਰੋਪੜ, ਸ੍ਰੀਮਤੀ ਕਿਰਨ ਸ਼ਰਮਾ ਐਸ ਡੀ ਐਮ ਨੰਗਲ, ਐਸ ਡੀ ਐਮ ਚਮਕੌਰ ਸਾਹਿਬ, ਰਾਜਪਾਲ ਸਿੰਘ ਹੁੰਦਲ ਐਸ ਪੀ ਹੈਡਕੁਆਰਟਰ, ਐਸ ਪੀ ਮਨਵਿੰਦਰ ਸਿੰਘ, ਐਸ ਪੀ ਤਰੁਣ ਰਤਨ, ਡੀਐਸਪੀ ਤਰਲੋਚਨ ਸਿੰਘ, ਡੀ ਐਸ ਪੀ ਤਲਵਿੰਦਰ ਸਿੰਘ, ਡੀ ਐਸ ਪੀ ਅਜੇ ਸਿੰਘ, ਸਤੀਸ਼ ਕੁਮਾਰ, ਰਾਜੇਸ਼ ਕੁਮਾਰ, ਨਵਨੀਤ ਮਾਹਲ, ਸੁਰਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਪਰਸ਼ਤਮ ਸਿੰਘ, ਸਿਮਰਨਜੀਤ ਸਿੰਘ, ਡੀ ਐਸ ਪੀ ਸ੍ਰੀਮਤੀ ਦੀਪਇੰਦਰ ਕੌਰ ਅਤੇ ਪੁਲਸ ਅਧਿਕਾਰੀ ਅਤੇ ਹੋਰ ਲੋਕ ਹਾਜਰ ਸਨ।

## ਜ਼ਿਲ੍ਹੇ 'ਚ 10 ਥਾਵਾਂ 'ਤੇ ਵਿਕਣਗੇ ਪਟਾਕੇ

**ਰੋਪੜ ( ਬਿੰਦਰਾ )** ਦੀਵਾਲੀ ਤੇ ਜ਼ਿਲ੍ਹੇ ਵਿਚ 29 ਵਿਅਕਤੀਆਂ ਨੂੰ ਪਟਾਕੇ ਵੇਚਣ ਦੀ ਮਨਜ਼ੂਰੀ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੂੰ 460 ਅਰਜੀਆਂ ਮਿਲੀਆਂ ਸਨ, ਜਿਨ੍ਹਾਂ ਵਿਚੋਂ ਕੇਵਲ 29 ਨੂੰ ਹੀ ਲਾਇਸੈਂਸ ਦਿੱਤੇ ਗਏ। ਇਹ ਪ੍ਰਕਿਰਿਆ ਡਰਾਅ ਰਾਹੀਂ ਪੂਰੀ ਕੀਤੀ ਗਈ। ਡਰਾਅ ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਅਤੇ ਸਹਾਇਕ ਕਮਿਸ਼ਨਰ ਦੀਪਾਂਕਰ ਗਰਗ ਦੀ ਨਿਗਰਾਨੀ ਹੇਠ ਕੱਢੇ ਗਏ। ਰੋਪੜ ਸ਼ਹਿਰ ਵਿੱਚ ਰਾਮਲੀਲਾ ਮੈਦਾਨ ਵਿੱਚ 6 ਨੂੰ ਲਾਇਸੰਸ ਦਿੱਤੇ ਗਏ। ਇਥੇ 166 ਦਰਖਾਸਤਾਂ ਸਨ। ਚਮਕੌਰ ਸਾਹਿਬ ਵਿੱਚ 3, ਚਾਹਵਾਨ 31 ਸਨ। ਨੰਗਲ ਵਿੱਚ 4 ਥਾਵਾਂ 'ਤੇ ਸਟਾਲ ਲੱਗਣਗੇ, 123 ਵਿਚੋਂ 12 ਨੂੰ ਲਾਇਸੰਸ ਦਿੱਤੇ ਗਏ। ਅਨੰਦਪੁਰ ਸਾਹਿਬ ਵਿਚ ਚਰਨ ਗੰਗਾ ਸਟੇਡੀਅਮ ਵਿੱਚ ਪਟਾਕੇ ਵਿਕਣਗੇ, ਇਥੇ 23 ਦਰਖਾਸਤਾਂ ਸਨ 4 ਨੂੰ ਲਾਇਸੰਸ ਮਿਲਿਆ। ਕੀਰਤਪੁਰ ਸਾਹਿਬ ਵਿੱਚ 2 ਵਿਅਕਤੀਆਂ ਨੂੰ ਪਟਾਕੇ ਵੇਚਣ ਦੀ ਮਨਜ਼ੂਰੀ ਦਿੱਤੀ ਗਈ ਹੈ।

## ਜੱਟਪੁਰ 'ਚ ਗੈਰ-ਸੰਚਾਰੀ ਰੋਗ ਸਿਹਤ ਜਾਂਚ ਕੈਂਪ ਲਗਾਇਆ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਸਿਵਲ ਸਰਜ਼ਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਸ.ਐਮ.ਓ ਵਿਧਾਨ ਚੰਦਰ ਦੀ ਅਗਵਾਈ ਹੇਠ ਸਬ ਸੈਂਟਰ ਹਿਆਤਪੁਰ ਅਧੀਨ ਪਿੰਡ ਜੱਟਪੁਰ ਵਿਖੇ ਗੈਰ-ਸੰਚਾਰੀ ਰੋਗਾ (ਐਨ.ਸੀ.ਡੀ) ਦਾ ਮੁਫਤ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ । ਇਸ ਕੈਂਪ ਦੌਰਾਨ ਪਿੰਡ ਵਾਸੀਆਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਜਾਣਕਾਰੀ ਦਿੰਦਿਆਂ ਸੀ.ਐੱਚ.ਓ.ਡਾ ਰਜਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਜਨਤਾ ਲਈ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ । ਸਿਹਤ ਜਾਂਚ ਕੈਂਪ ਵਿੱਚ ਸ਼ੂਗਰ, ਬਲੱਡ ਪ੍ਰੈਸ਼ਰ, ਕਾਬਜ਼, ਗੈਸ, ਸਰੀਰਕ ਦਰਦਾਂ ਦੀਆਂ, ਮਲਟੀ ਵਿਟਾਮਿਨ ਸਿਹਤ ਕੰਪਲੀਮੈਂਟ ਅਤੇ ਆਮ ਜਰੂਰਤ ਦੀਆਂ ਦਵਾਈਆਂ ਪਿੰਡ ਵਾਸੀਆਂ ਨੂੰ ਦਿੱਤੀਆਂ ਗਈਆਂ। ਹੈਲਥ ਵਰਕਰ ਮਨਦੀਪ ਸਿੰਘ ਨੇ ਯੋਗਾ ਕਰਨ ਦੀ ਸਲਾਹ ਦਿੱਤੀ। ਉਨਾਂ ਨੇ ਕਿਹਾ ਕਿ ਖਾਂਸੀ ਸਮੇਂ ਤੇ ਛਿੱਕਣ ਵੇਲੇ ਮੂੰਹ ਢੱਕ ਕੇ ਰੱਖੋ । ਜਿਸ ਵਿਅਕਤੀ ਨੂੰ ਫਲੂ ਦੇ ਲੱਛਣ ਹੋਵੇ ਉਸ ਵਿਅਕਤੀ ਨਾਲ ਨਾ ਹੱਥ ਮਿਲਾਓ ਅਤੇ ਨਾ ਹੀ ਗਲੇ ਮਿਲੋ । ਇਸ ਦੌਰਾਨ ਪਿੰਡ ਦੀ ਆਸ਼ਾ ਵਰਕਰ ਕੁਲਬੀਰ ਕੌਰ ਨੇ ਕਿਹਾ ਕਿ ਬਿਮਾਰੀਆਂ ਤੋਂ ਬਚਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਇਆ ਜਾਵੇ । ਜੇਕਰ ਕਿਸੇ ਨੂੰ ਸਾਹ ਲੈਣ 'ਚ, ਜ਼ੁਕਾਮ, ਬੁਖਾਰ ਜਾਂ ਖੰਘ ਦੀ ਤਕਲੀਫ਼ ਹੋਵੇ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਚ ਜਾਂਚ ਕਰਾਓ । ਇਸ ਮੌਕੇ ਏ ਐਨ ਐਮ ਹਰਜੀਤ ਕੌਰ,ਤਾਰੋ ਦੇਵੀ , ਸਰਪੰਚ ਜਸਵੀਰ ਸਿੰਘ,ਵਿਦਿਆ ਦੇਵੀ,ਕੁਲਦੀਪ,ਦਿਲਬਾਗ ਸਿੰਘ, ਕੌਸ਼ਲਿਆ ਦੇਵੀ,ਪੰਚ ਪਿਆਰੋ ਦੇਵੀ,ਕਸ਼ਮੀਰ ਕੌਰ,ਭਜਨ ਕੌਰ,ਸੁਨੀਤਾ,ਹਰਜਿੰਦਰ ਕੌਰ,ਬਖ਼ਸ਼ੋ ਅਤੇ ਪਿੰਡ ਵਾਸੀ ਹਾਜ਼ਰ ਸਨ ।

## ਵਿਦਿਆਰਥੀਆਂ ਗ੍ਰੀਨ ਦੀਵਾਲੀ ਮਨਾਉਣ ਸੰਬੰਧੀ ਕੱਢੀ ਰੈਲੀ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਖੇਤਰ ਦੇ ਨਾਮਵਰ ਵਿੱਦਿਅਕ ਅਦਾਰੇ ਮਧੂਬਨ ਵਾਟਿਕਾ ਪਬਲਿਕ ਸਕੂਲ ਅਸਮਾਨਪੁਰ ਦੇ ਵੱਲੋਂ ਇਕੋ ਫਰੈਂਡਲੀ ਅਤੇ ਗਰੀਨ ਦਿਵਾਲੀ ਦੇ ਸੰਦੇਸ਼ ਨੂੰ ਲੈ ਕੇ ਰੈਲੀ ਕੱਢੀ ਗਈ । ਉਕਤ ਰੈਲੀ ਦਾ ਉਦੇਸ਼ ਆਮ ਨਾਗਰਿਕਾਂ ਨੂੰ ਪ੍ਰਦੂਸ਼ਿਤ ਰਹਿਤ ਦੀਵਾਲੀ ਮਨਾਉਣ ਦਾ ਸੰਦੇਸ਼ ਦੇਣਾ ਸੀ। ਸਕੂਲ ਚੇਅਰਮੈਨ ਅਮਿੱਤ ਚੱਢਾ,ਮੈਨੇਜਮੈਂਟ ਡਾਇਰੈਕਟਰ ਕੇਸ਼ਵ ਕੁਮਾਰ,ਪ੍ਰਿੰਸੀਪਲ ਪ੍ਰਿਅੰਕਾ ਸਿੰਘ ਦੀ ਅਗਵਾਈ ਹੇਠ ਰੈਲੀ ਕੱਢੀ ਗਈ। ਪ੍ਰਿੰਸੀਪਲ ਪ੍ਰਿਅੰਕਾ ਸਿੰਘ ਨੇ ਦੱਸਿਆ ਕਿ ਰੈਲੀ ਦਾ ਮੁਖ ਉਦੇਸ਼ ਆਮ ਨਾਗਰਿਕਾਂ ਨੂੰ ਦਿਵਾਲੀ 'ਤੇ ਪਟਾਕਿਆਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਅਤੇ ਵਾਤਾਵਰਣ ਨੂੰ ਬਚਾਉਣ ਲਈ ਜਾਗਰੂਕ ਕਰਨਾ ਸੀ। ਇਸ ਮੌਕੇ ਲੈਨਿਨ ਐੱਮ,ਨਮੈਡਮ ਦੀਪਿਕਾ ਪੁਰੀ ,ਮੈਡਮ ਅਨੂੰ ਕੌਸ਼ਲ,ਅਵਿਨਾਸ਼ ਕੁਮਾਰ, ਧਰਮਵੀਰ ਸਿੰਘ, ਮਨਜੀਤ ਕੌਰ,ਨਿਸ਼ਾ ਰਾਣੀ,ਸ਼ਿਵਾਨੀ ਪੁਰੀ,ਜਤਿੰਦਰ ਕੌਰ,ਮਾਸਟਰ ਭੋਲਾ ਸ਼ੰਕਰਨ ਆਦਿ ਮੌਜੂਦ ਸਨ।

## ਭਗਵਾਨ ਵਾਲਮੀਕਿ ਦਾ ਪ੍ਰਗਟ ਦਿਵਸ ਸ਼ਰਧਾ ਸਹਿਤ ਮਨਾਇਆ

**ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ)**-ਬੀਤੇ ਦਿਨੀ ਪਿੰਡ ਬਿਨਪਾਲਕੇ ਵਿਖੇ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਉਤਸਵ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਕੌਮੀ ਗ੍ਰੰਥ ਗਿਆਨ ਪ੍ਰਕਾਸ਼ ਜੀ ਦੇ ਪਾਠ ਦਾ ਭੋਗ ਪਾਇਆ ਗਿਆ, ਉਪਰੰਤ ਭਾਈ ਸੁੱਚਾ ਸਿੰਘ ਰਾਸਤਗੋ ਦੇ ਜਥੇ ਵੱਲੋਂ ਸੰਗਤਾਂ ਨੂੰ ਭਗਵਾਨ ਵਾਲਮੀਕ ਜੀ ਦੀ ਮਹਿਮਾ ਦਾ ਗੁਣਗਾਨ ਸਰਵਣ ਕਰਵਾਇਆ। ਸਮਾਗਮ ਦੀ ਹਾਜ਼ਰੀ ਭਰਨ ਵਾਲਿਆਂ ਵਿਚ ਪਿੰਡ ਦੇ ਸਰਪੰਚ ਸ਼੍ਰੀਮਤੀ ਬਲਵਿੰਦਰ ਕੌਰ, ਸ੍ਰੀ ਪ੍ਰੇਮ ਪਾਲ, ਹਰਭਜਨ ਬਿਨਪਾਲਕੇ, ਹਰਬਲਿੰਦਰ ਸਿੰਘ ਬੋਲੀਨਾ, ਬਾਬਾ ਲਛਮਣ ਦਾਸ, ਅਮਰਦੀਪ, ਕਮਲਜੀਤ, ਹਰਭਜਨ ਸਿੰਘ, ਚਰਨਜੀਤ ਬਿਨਪਾਲਕੇ ਅਤੇ ਹੋਰ ਬੇਅੰਤ ਸੰਗਤਾਂ ਨੇ ਕੀਰਤਨ ਸਰਵਣ ਕੀਤਾ। ਸਮਾਗਮ ਦਾ ਪ੍ਰਬੰਧ ਬੀਬੀ ਨਿਕੀ, ਬੀਬੀ ਮਨਜੀਤ ਕੌਰ ਅਤੇ ਸ੍ਰੀ ਕੇਵਲ ਕ੍ਰਿਸ਼ਨ ਨੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ। ਸਮਾਗਮ ਦੀ ਸਮਾਪਤੀ ਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਵੱਲੋਂ ਭਗਵਾਨ ਵਾਲਮੀਕਿ ਜੀ ਦੀ ਬਾਣੀ ਅਤੇ ਸਿੱਖਿਆਵਾਂ ਦਾ ਸਟਿੱਕਰ ਜਾਰੀ ਕਰ ਕੇ ਸੰਗਤਾਂ ਨੂੰ ਮੁਫਤ ਭੇਟ ਕੀਤਾ। ਸੰਗਤਾਂ ਲਈ ਚਾਹ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



## ਸ੍ਰੀ ਨੇ ਖੋਲ੍ਹਿਆ ਨਵਾਂ ਸਟੋਰ



**ਨਵਾਂ ਸ਼ਹਿਰ (ਮਨੋਜ ਲਾਡੀ)** -ਪ੍ਰਸਿੱਧ ਮਹਿਲਾ ਐਥਨਿਕ ਵੀਅਰ ਬ੍ਰਾਂਡ ਸ਼੍ਰੀ ਨੇ ਨਵਾਂਸ਼ਹਿਰ 'ਚ ਕੰਪਨੀ ਦੀ ਜੁਆਇੰਟ ਮੈਨੇਜਿੰਗ ਡਾਇਰੈਕਟਰ ਸੀਤਲ ਕਪੂਰ ਦੀ ਹਾਜਰੀ ਵਿਚ ਵਿਚ ਆਪਣਾ ਨਵਾਂ ਸਟੋਰ ਲਾਂਚ ਕੀਤਾ ਹੈ। ਪੰਜਾਬ 'ਚ ਸ਼੍ਰੀ ਦਾ ਇਹ 33 ਵਾਂ ਸਟੋਰ ਹੈ। ਇਸ ਸਾਲ ਸ਼੍ਰੀ ਨੇ ਪੰਜਾਬ ਵਿਚ 10+ ਨਵੇਂ ਸਟੋਰ ਸ਼ੁਰੂ ਕਰਨ ਦਾ ਟੀਚਾ ਰੱਖਿਆ ਹੈ।

ਸਟੋਰ ਨੂੰ ਕਲਾਤਮਕ ਤਰੀਕੇ ਨਾਲ ਡਿਜਾਈਨ ਕੀਤਾ ਗਿਆ ਹੈ ਜੋ ਗਾਹਕਾਂ ਨੂੰ ਖਰੀਦਦਾਰੀ ਦੀ ਸਹੂਲਤ ਦੀ ਪੇਸ਼ਕਸ਼ ਕਰਦਾ ਹੈ ਅਤੇ ਉਨਾਂ ਲਈ ਇੱਕ ਵਿਜ਼ੂਅਲ ਟ੍ਰੀਟ ਹੈ। ਇਸ ਸਟੋਰ ਵਿੱਚ ਸ਼੍ਰੀ ਦਾ ਨਵੀਨਤਮ ਤਿਉਹਾਰ '22 ਕਲੈਕਸ਼ਨ ਹੈ, ਜੋ ਕਿ ਔਰਤਾਂ ਦੀ ਮਲਟੀ-ਫੰਕਸ਼ਨਲ ਆਊਟਫਿੱਟਸ ਦੀ ਲੋੜ ਤੋਂ ਪ੍ਰੇਰਿਤ ਹੈ ਜੋ ਕਿਸੇ ਵੀ ਸਮੇਂ ਕਿਸੇ ਵੀ ਸਟਾਈਲ ਵਿੱਚ ਬਦਲ ਸਕਦੇ ਹਨ। ਭਾਵੇਂ ਉਹ ਕਿਸੇ ਤਿਉਹਾਰ ਦੇ ਮੌਕੇ ਲਈ ਹੋਵੇ ਜਾਂ ਕਿਸੇ ਆਮ ਦਫਤਰ ਦੀ ਪਾਰਟੀ ਲਈ, ਸ਼੍ਰੀ ਦਾ ਹਰ ਈਵੈਂਟ ਲਈ ਇੱਕ ਸਟਾਈਲ ਹੁੰਦਾ ਹੈ। ਇਸਦਾ ਨਵੀਨਤਮ ਸੰਗ੍ਰਹਿ ਆਉਣ ਵਾਲੇ ਤਿਉਹਾਰਾਂ ਲਈ ਆਪਣੇ ਗਾਹਕਾਂ ਨੂੰ ਸਹੀ ਪਹਿਰਾਵੇ ਪ੍ਰਦਾਨ ਕਰਨ ਬਾਰੇ ਹੈ।

## ਪੁਰਾਣੀ ਪੈਨਸ਼ਨ ਸਕੀਮ ਬਹਾਲ ਦੇ ਐਲਾਨ ਦਾ ਸਵਾਗਤ, ਤੁਰੰਤ ਨੋਟੀਫਿਕੇਸ਼ਨ ਜਾਰੀ ਕਰੇ ਸਰਕਾਰ : ਟੂਰਾ



**ਫਗਵਾੜਾ ( ਜਸਵਿੰਦਰ ਢੱਡਾ )** ਐਸ.ਸੀ .ਬੀ.ਸੀ ਸਮਾਜ ਦੇ ਮੁਲਾਜ਼ਮ ਵਰਗ ਦੀ ਜਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ ਬੀ.ਸੀ ਇੰਪਲਾਈਜ ਵੈਲਫ਼ੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਸਿੰਘ ਟੂਰਾ, ਬਲਵਿੰਦਰ ਮਸੀਹ , ਮਨਜੀਤ ਗਾਟ, ਲਖਵੀਰ ਚੰਦ, ਗਿਆਨ ਚੰਦ ਵਾਹਦ ,ਵਿਨੋਦ ਕੁਮਾਰ ਤੇ ਸਤਨਾਮ ਗਿੱਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਕੈਬਨਿਟ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮੁਲਾਜਮ ਵਰਗ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਦੇਣ ਦਾ ਐਲਾਨ ਕੀਤਾ ਹੈ ਉਸਦਾ ਫੈਡਰੇਸ਼ਨ ਸਵਾਗਤ ਕਰਦੀ ਹੈ ,ਪਰ ਪੰਜਾਬ ਸਰਕਾਰ ਤੁਰੰਤ ਇਸ ਸੰਬੰਧੀ 01.01.2004 ਤੋਂ ਭਰਤੀ ਸਾਰੇ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਕਰੇ ਅਤੇ ਮੁਲਾਜਮ ਵਰਗ ਦਾ ਸੀ.ਪੀ.ਐਫ ਵਿੱਚ ਜਮ੍ਹਾਂ ਸਾਰਾ ਫੰਡ ਜੀ.ਪੀ.ਐਫ ਵਿੱਚ ਟਰਾਂਸਫਰ ਕਰਨ ਲਈ ਤੁਰੰਤ ਕਾਰਵਾਈ ਕਰੇ। ਹੋਰ ਮੰਗਾਂ ਸਬੰਧੀ ਆਗੂਆਂ ਨੇ ਦੱਸਿਆ ਕਿ 01.07.21 ਤੋਂ ਮੁਲਾਜਮ ਵਰਗ ਦੀ 4.9.14. ਏ.ਸੀ.ਪੀ ਸਕੀਮ ਮੁੜ ਬਹਾਲ ਕਰੇ ਕਿਉਂਕਿ ਹਜਾਰਾਂ ਹੀ ਮੁਲਾਜਮਾਂ ਦਾ ਇਹ ਲਾਗੂ ਨਾ ਹੋਣ ਕਰਕੇ ਵਿੱਤੀ ਨੁਕਸਾਨ ਹੋ ਰਿਹਾ ਹੈ। ਇਸ ਸਮੇਂ ਬਲਵਿੰਦਰ ਨਿਧੜਕ,ਅਸ਼ੋਕ ਮੂਲਨਿਵਾਸੀ, ਸੁਰਜੀਤ ਲਾਲ ,ਅਮਰਿੰਦਰ ਸਿੰਘ , ਰੇਨੂੰ ਬਾਲਾ, ਕਮਲੇਸ ਕੌਰ, ਰਾਮਪਾਲ, ਅਨੁਪਮ ਕੰਵਲ, ਜੋਤੀ, ਗੁਰਸੇਵਕ ,ਸੀਤਲ ਕੁਮਾਰ, ਵਿਜੇ ਕੁਮਾਰ, ਗੁਰਦਿਆਲ ਹੀਰ,ਸੋਹਨ ਲਾਲ ਸਹੋਤਾ ਅਤੇ ਹੋਰ ਕਈ ਮੈਂਬਰ ਸ਼ਾਮਲ ਸਨ।

## ਪ੍ਰਧਾਨ ਨਗਰ ਕੌਂਸਲ ਤੇ ਦੋ ਕੌਂਸਲਰਾਂ ਸਮੇਤ ਕਈ ਆਗੂ 'ਆਪ' ਪਾਰਟੀ 'ਚ ਸ਼ਾਮਲ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਬਲਾਕ ਭੋਗਪੁਰ ਦੀ ਸਿਆਸਤ ਉਸ ਵੇਲੇ ਭੱਖ ਗਈ, ਜਦੋਂ ਨਗਰ ਕੌਂਸਲ ਭੋਗਪੁਰ ਦੀ ਪ੍ਰਧਾਨ ਸਮੇਤ ਤਿੰਨ ਕੌਂਸਲਰ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੇ ਕਰੀਬ 40 ਆਗੂਆਂ ਤੇ ਵਰਕਰਾਂ ਨੇ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਭੋਗਪੁਰ ਦੇ ਵੱਖ - ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਤੇ ਆਜ਼ਾਦ ਕੌਂਸਲਰਾਂ ਨੂੰ ਪੰਜਾਬ ਦੇ ਆਪ ਇੰਚਾਰਜ ਜਰਨੈਲ ਸਿੰਘ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਦਿੰਦਿਆਂ ਪਾਰਟੀ ਵਿੱਚ ਸ਼ਾਮਲ ਕਰਵਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਸੰਜੀਵ ਅਗਰਵਾਲ, ਨਗਰ ਕੌਂਸਲ ਭੋਗਪੁਰ ਦੀ ਪ੍ਰਧਾਨ ਮੰਜੂ ਅਗਰਵਾਲ, ਨਗਰ ਕੌਂਸਲ ਦੀ ਸੀਨੀਅਰ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਵਿਦਵੰਤ ਕੌਰ, ਕੌਂਸਲਰ ਮਨਪ੍ਰੀਤ ਕੌਰ ਡੱਲੀ, ਭੋਗਪੁਰ ਦੇ ਸਾਬਕਾ ਸ਼ਹਿਰੀ ਪ੍ਰਧਾਨ ਅਤੇ ਟਕਸਾਲੀ ਕਾਂਗਰਸੀ ਨੇਤਾ ਰਾਕੇਸ਼ ਮਹਿਤਾ, ਸੂਬੇਦਾਰ ਹੰਸਪਾਲ, ਗੁਰਦੀਪ ਸਿੰਘ ਗਿੱਲ, (ਦੀਪੂ), ਸਮੇਤ ਹੋਰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਸ਼ਾਮਲ ਹੋਏ ਹਨ। ਪਾਰਟੀ ਵਿੱਚ ਸਾਮਲ ਹੋਣ 'ਤੇ ਜੀਤ ਲਾਲ ਭੱਟੀ (ਹਲਕਾ ਇੰਚਾਰਜ ਆਦਮਪੁਰ), ਸੂਬਾ ਸਕੱਤਰ ਰਾਜਵਿੰਦਰ ਕੌਰ ਥਿਆੜਾ ਅਤੇ ਚੇਅਰਮੈਨ ਮੰਗਲ ਸਿੰਘ ਵੱਲੋਂ ਸਵਾਗਤ ਕੀਤਾ ਗਿਆ ਤੇ ਕਿਹਾ ਕਿ 'ਆਪ' ਵਿੱਚ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸੰਜੀਵ ਅਗਰਵਾਲ ਨੇ ਕਿਹਾ ਕਿ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਲਗਾਤਾਰ ਲੋਕ 'ਆਪ' ਪਾਰਟੀ ਨਾਲ ਜੁੜ ਰਹੇ ਹਨ ਆਮ ਆਦਮੀ ਪਾਰਟੀ ਨਗਰ ਕੌਂਸਲ ਭੋਗਪੁਰ ਅਤੇ ਪੰਜਾਬ ਦੀਆਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਹੂੰਝਾ ਫੇਰ ਜਿੱਤ ਹਾਸਲ ਕਰੇਗੀ। ਸਾਬਕਾ ਕਾਂਗਰਸੀ ਆਗੂ ਰਾਕੇਸ਼ ਮਹਿਤਾ ਨੇ ਕਿਹਾ ਕਿ ਪਿਛਲੇ ਸੱਤ ਮਹੀਨਿਆਂ ਵਿਚ 'ਆਪ' ਨੇ ਸੂਬੇ ਦੇ ਵਿਕਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਪੰਜਾਬ ਸਮੇਤ ਪੂਰੇ ਦੇਸ਼ ਵਿੱਚੋਂ ਕਾਂਗਰਸ ਪਾਰਟੀ ਖਤਮ ਹੋਣ ਕੰਢੇ ਹੈ ਤੇ ਗਲਤ ਨੀਤੀਆਂ ਕਰਕੇ ਉਨ੍ਹਾਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਿਹਾ ਹੈ। ਇਸ ਮੌਕੇ ਕਮਲਜੀਤ ਸਿੰਘ ਡੱਲੀ (ਨੰਬਰਦਾਰ) ਪਵਨ ਪੁੰਜ ਜਿੰਮੀ, ਕੌਂਸਲਰ ਉਰਮਿਲਾ ਭੱਟੀ, ਵਿਜੇ ਭੱਟੀ, ਸਤਨਾਮ ਸਿੰਘ ਤੇ ਹੋਰ ਸ਼ਾਮਲ ਸਨ।

## ਗਜ਼ਟਿਡ ਐਂਡ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਦੀ ਮੀਟਿੰਗ 25 ਨੂੰ

**ਫਗਵਾੜਾ (ਜਸਵਿੰਦਰ ਢੱਡਾ)** ਗਜਟਿਡ ਐਂਡ ਨਾਨ ਗਜਟਿਡ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਪੰਜਾਬ, ਐਸ.ਸੀ.ਬੀ.ਸੀ. ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਅਤੇ ਅੰਬੇਡਕਰ ਮਿਸ਼ਨ ਕਲੱਬ ਰਜਿ. ਪੰਜਾਬ ਦੀ ਜ਼ਿਲ੍ਹਾ ਇਕਾਈ ਜਲੰਧਰ ਦੀ ਮੀਟਿੰਗ 25 ਅਕਤੂਬਰ ਨੂੰ ਦੁਪਹਿਰ 1 ਵਜੇ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਬੁਲਾਈ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਫੈਡਰਸ਼ਨ ਦੇ ਜਲੰਧਰ ਇਕਾਈ ਦੇ ਚੇਅਰਮੈਨ ਸਲਵਿੰਦਰ ਸਿੰਘ ਜੱਸੀ, ਪ੍ਰਧਾਨ ਮੱਖਣ ਰੱਤੂ ਅਤੇ ਵਿੱਤ ਸਕੱਤਰ ਹਰਬੰਸ ਲਾਲ ਵਿਰਕ ਨੇ ਦੱਸਿਆ ਕਿ ਮੀਟਿੰਗ 'ਚ ਸੂਬਾ ਚੇਅਰਮੈਨ ਜਸਬੀਰ ਸਿੰਘ ਪਾਲ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਉਕਤ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀ ਤੇ ਪਛੜਾ ਸਮਾਜ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਰਕੇ ਇਸ ਸਮਾਜ ਦੇ ਲੋਕਾਂ 'ਚ ਭਾਰੀ ਰੋਸ ਹੈ। ਸਰਕਾਰ ਵਲੋਂ ਇਸ ਵਰਗ ਦੇ ਲੋਕਾਂ ਦੇ ਮਸਲੇ ਤੇ ਮੰਗਾਂ ਦਾ ਨਿਪਟਾਰਾ ਨਾ ਕਰਨ ਕਰਕੇ ਸਰਕਾਰ ਵਿਰੁੱਧ ਸੂਬਾ ਪੱਧਰ 'ਤੇ ਭਰਾਤਰੀ ਜੱਥੇਬੰਦੀਆਂ ਦੇ ਸਮਰਥਨ ਨਾਲ 6 ਦਸੰਬਰ ਨੂੰ ਸੰਗਰੂਰ ਵਿਖੇ ਵੱਡੀ ਪੱਧਰ ਤੇ ਰੋਸ ਮੁਜਾਹਰਾ ਕੀਤਾ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਸਬੰਧੀ 25 ਅਕਤੂਬਰ ਦੀ ਮੀਟਿੰਗ 'ਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## ਬਾਬਾ ਮਸਤ ਸ਼ਾਹ ਦਰਬਾਰ 'ਤੇ ਸਾਈਂ ਠਾਕਰ ਦਾਸ ਦੀ ਸਾਲਾਨਾ ਬਰਸੀ ਮਨਾਈ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਈ ਠਾਕਰ ਦਾਸ ਜੀ ਸਾਲਾਨਾ ਬਰਸੀ ਮਸਤਾ ਦੇ ਦਰਬਾਰ ਪਿੰਡ ਸਾਧੋਵਾਲ ਵਿਖੇ ਜੈ ਮਸਤਾ ਦੀ ਸੇਵਾ ਸਮਿਤੀ, ਗਰਾਮ ਪੰਚਾਇਤ, ਐਨ ਆਰ ਆਈਜ਼ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮਨਾਈ ਗਈ । ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸਾਈ ਠਾਕਰ ਦਾਸ ਦੀ ਬਰਸੀ ਮੌਕੇ ਦਰਬਾਰ 'ਤੇ ਕਵਾਲ ਪਾਰਟੀਆ ਵਲੋਂ ਮਹਿਫਲ ਸਜਾਈ ਗਈ ਅਤੇ ਨਕਾਲ ਪਾਰਟੀਆਂ ਵਲੋ ਨਕਲਾਂ ਦਾ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਵੱਖ ਵੱਖ ਦਰਬਾਰਾਂ ਤੋਂ ਮਹਾਪੁਰਸ਼ਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ ,ਜਿਹਨਾਂ ਵਿੱਚ ਸਾਈ ਦਰਸ਼ਨ ਪਾਰੋਵਾਲ, ਸਾਈ ਮਹਿੰਦਪੁਰ, ਸਾਈ ਭਜਨ ਸ਼ਾਹ, ਸਾਈ ਮੰਗੀ ਹਾਜ਼ਰ ਸਨ । ਇਸ ਮੌਕੇ ਪ੍ਰਬੰਧਕ ਕਮੇਟੀ ਤੋਂ ਹੈਪੀ ਸਾਧੋਵਾਲ, ਮਨਜੀਤ ਲੱਡੂ, ਦਲਜੀਤ, ਗੋਪੀ, ਚਰਨਜੀਤ ਸਿੰਘ, ਸੁੱਖਾ ਅਤੇ ਸੰਗਤਾ ਹਾਜ਼ਰ ਸਨ।

## ਦੋਆਬਾ ਪਬਲਿਕ ਸਕੂਲ ਦੋਹਲਰੋਂ ਦੇ ਵਿਹੜੇ ਲੱਗੀਆਂ ਰੌਣਕਾਂ



**ਮਾਹਿਲਪੁਰ (ਸਫਰੀ)** ਦੋਆਬਾ ਪਬਲਿਕ ਸਕੂਲ ਦੋਹਲਰੋਂ ਵਿਖੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ, ਚੇਅਰਪਰਸਨ ਹਰਪ੍ਰੀਤ ਕੌਰ ਤੇ ਡਾਇਰੈਕਟਰ ਗੁਰਿੰਦਰ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਕੂਲ ਦੇ ਸਾਲਾਨਾ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵੱਖ ਵੱਖ ਸੱਭਿਆਚਾਰਾਂ ਦੀ ਝਲਕ ਦਿਖਾਉਂਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਜਿਥੇ ਇਸ ਪ੍ਰੋਗਰਾਮ ਦਾ ਅਰੰਭ ਉਸ ਧਰਮ - ਪਿਤਾ ਪਰਮੇਸ਼ਵਰ ਨੂੰ ਯਾਦ ਕਰਦਿਆਂ ਕੀਤਾ ਗਿਆ, ਉਥੇ ਹੀ ਇਸ ਪ੍ਰੋਗਰਾਮ ਦੇ ਅੰਤਿਮ ਪੜਾਅ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਭੰਗੜੇ ਨੇ ਅਜਿਹਾ ਰੰਗ ਬੰਨ੍ਹਿਆ ਕਿ ਹਾਲ ਵਿਚ ਬੈਠੇ ਸਾਰੇ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਡੀ .ਐੱਸ. ਪੀ ਗੜ੍ਹਸ਼ੰਕਰ ਦਲਜੀਤ ਸਿੰਘ ਖੱਖ ਮੁੱਖ ਮਹਿਮਾਨ ਵਜੋਂ ਸਾਮਲ ਹੋਏ। ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਜਿਥੇ ਭਾਰਤ ਦੇ ਬਹੁ- ਰੰਗੀ ਸੱਭਿਆਚਾਰ ਦੇ ਪ੍ਰਤੀਕ ਹਨ , ਉਥੇ ਹੀ ਇਹ ਪ੍ਰੋਗਰਾਮ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਨੂੰ ਵੀ ਦਰਸਾਉਂਦੇ ਹਨ। ਇਸ ਉਪਰੰਤ ਪ੍ਰਿੰਸੀਪਲ ਅਰੁਣ ਗੁਪਤਾ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ-ਪਿਤਾ ਤੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਭ ਉਹਨਾਂ ਦੇ ਅਣਥੱਕ ਯਤਨਾਂ ਦਾ ਹੀ ਨਤੀਜਾ ਹੈ ਜੋ ਅਸੀਂ ਅਜਿਹੇ ਸਰਵ-ਸੰਪੂਰਨ ਨਾਗਰਿਕ ਦੇਸ਼ ਨੂੰ ਦੇਣ ਦੇ ਯੋਗ ਹੋ ਸਕੇ ਹਾਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਸੁਰਿੰਦਰ ਕੌਰ ਗਿੱਲ, ਵਾਈਸ ਪ੍ਰਿੰਸੀਪਲ ਮੈਡਮ ਪੂਜਾ ਰਾਣੀ, ਸ਼ੈਲੀ ਸ਼ਰਮਾ, ਵਿਨੈ ਕੁਮਾਰ, ਅਜੇ ਕੁਮਾਰੀ, ਰੇਨੂੰ ਪ੍ਰੀਆ, ਪੀ.ਸੀ ਪਾਲ, ਠੇਕੇਦਾਰ ਜਗਜੀਤ ਸਿੰਘ, ਰਾਮਸਰੂਪ, ਸਮੂਹ ਸਟਾਫ ਅਤੇ ਹੋਰ ਪਤਵੰਤੇ ਸੱਜਣ ਵੀ ਹਾਜਰ ਸਨ।

## ਸਰਕਾਰੀ ਹਾਈ ਸਕੂਲ 'ਚ ਲਗਾਇਆ ਸਾਇੰਸ ਮੇਲਾ



**ਆਦਮਪੁਰ (ਪਰਮਜੀਤ ਸਿੰਘ )**- ਸਕੂਲ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਇੰਸ ਮੇਲੇ ਦਾ ਆਯੋਜਨ ਸਕੂਲ ਮੁਖੀ ਸ਼੍ਰੀਮਤੀ ਸਗੀਨਾ ਰਾਏ ਦੀ ਅਗਵਾਈ ਵਿੱਚ ਸਾਇੰਸ ਮਿਸਟ੍ਰੈਸ ਸ਼੍ਰੀਮਤੀ ਸ਼ਸ਼ੀ ਸੂਦ ਅਤੇ ਸ਼੍ਰੀਮਤੀ ਰੇਖਾ ਰਾਣੀ ਵੱਲੋਂ ਸਰਕਾਰੀ ਹਾਈ ਸਕੂਲ,ਖੋਜਕੀਪੁਰ ਨੰਗਲ ਸਲਾਲਾ (ਜਲੰਧਰ) ਦੇ ਵਿਹੜੇ ਵਿੱਚ ਕੀਤਾ ਗਿਆ। ਵਿਦਿਆਰਥੀਆਂ ਵਿੱਚ ਮੇਲੇ ਨੂੰ ਲੈ ਕੇ ਪੂਰਾ ਉਤਸ਼ਾਹ ਸੀ। ਲਗਭਗ ਸਾਰੇ ਹੀ ਮਾਡਲ ਵਿਦਿਆਰਥੀਆਂ ਵੱਲੋਂ ਆਪ ਤਿਆਰ ਕੀਤੇ ਗਏ। ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦਲਵੀਰ ਸਿੰਘ ਅਤੇ ਜਸਵੀਰ ਸਿੰਘ ਬੀਸਲ ਵੱਲੋਂ ਉਚੇਚੇ ਤੌਰ 'ਤੇ ਮੇਲੇ ਨੂੰ ਵਿਜ਼ਿਟ ਕੀਤਾ ਗਿਆ। ਉਹਨਾਂ ਸਾਇੰਸ ਮੇਲੇ ਦੇ ਸਫਲ ਆਯੋਜਨ ਲਈ ਸਮੂਹ ਸਕੂਲ ਸਟਾਫ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਵੀ ਕੀਤੀ। ਮੇਲੇ ਦੇ ਪ੍ਰਬੰਧ ਵਿੱਚ ਸਕੂਲ ਸਟਾਫ ਦਾ ਸਮੂਹਿਕ ਯੋਗਦਾਨ ਰਿਹਾ। ਚੇਅਰਮੈਨ ਦਿਲਵੀਰ ਸਿੰਘ ਵਲੋਂ ਵਿਗਿਆਨ ਮੇਲੇ ਵਿੱਚ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 300, 200 ਅਤੇ 100 ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਜਸਵੀਰ ਸਿੰਘ ਬੀਸਲ ਵਲੋਂ ਇਸ ਮੌਕੇ ਸਕੂਲ ਭਲਾਈ ਫੰਡ ਵਿੱਚ ਉਹਨਾਂ ਦੇ ਪਰਵਾਰ ਦੁਆਰਾ ਜਮ੍ਹਾਂ ਕਰਵਾਈ ਗਈ ਰਾਸ਼ੀ ਵਿੱਚੋਂ ਸਕੂਲ ਦੇ ਰਿਟਾਇਰਡ ਮੁੱਖ ਅਧਿਆਪਕ ਮਲਕੀਤ ਸਿੰਘ ਬੀਸਲ ਦੀ ਇੱਛਾ ਅਨੁਸਾਰ ਵਿਦਿਆਰਥੀਆਂ ਅਤੇ ਸਟਾਫ ਲਈ ਡਰਾਈ ਫਰੂਟ ਦੇ ਪੈਕਟ ਖਰੀਦ ਕੇ ਵੰਡੇ ਗਏ।

## ਸੰਤੋਖ ਸਿੰਘ ਛੋਕਰ ਸਪੋਰਟਸ ਤੇ ਐਜੂਕੇਸ਼ਨ ਅਕੈਡਮੀ ਦਾ ਹੋਇਆ ਸਾਲਾਨਾ ਸਮਾਗਮ

**ਗੁਰਾਇਆ (ਬਿੰਦਰ ਸੁਮਨ)**- ਸੰਤੋਖ ਸਿੰਘ ਛੋਕਰ ਸਪੋਰਟਸ ਅਤੇ ਐਜੂਕੇਸ਼ਨ ਅਕੈਡਮੀ ਵਿੱਚ ਲਗਭਗ 100 ਦੇ ਨੇੜੇ ਬੱਚੇ ਖੇਡ ਅਤੇ ਐਜੂਕੇਸ਼ਨ ਦੀ ਮੁਫਤ ਪ੍ਰਾਪਤ ਕਰ ਰਹੇ ਹਨ। ਇਸ ਅਕੈਡਮੀ ਦਾ ਸਾਲਾਨਾ ਸਮਾਗਮ ਕੀਤਾ ਗਿਆ, ਜਿਸ ਵਿੱਚ ਸੰਤੋਖ ਸਿੰਘ ਛੋਕਰ ਉਚੇਚੇ ਤੌਰ 'ਤੇ ਆਪਣੀ ਟੀਮ ਗਲੋਬਲ ਦੇ ਮੈਨੇਜਰ ਛੋਕਰ ਐਂਡ ਕੋ ਮਾਜ਼ ਅਹਿਮਦ ਅਤੇ ਭੁਪਿੰਦਰ ਸਿੰਘ, ਕੁਲਵਿੰਦਰ ਸਿੰਘ ਛੋਕਰ ਨਾਲ ਪਹੁੰਚੇ। ਬੱਚਿਆਂ ਵੱਲੋਂ ਗੁਲਦਸਤੇ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਰੰਗਾ-ਰੰਗ ਪ੍ਰਗਰਾਮ ਪੇਸ਼ ਕੀਤਾ ਗਿਆ। ਬੱਚਿਆ ਵੱਲੋਂ ਇੱਕ ਨੁੱਕੜ ਨਾਟਕ ਵੀ ਖੇਡਿਆ ਗਿਆ,ਜਿਸ ਵਿੱਚ ਦੱਸਿਆ ਗਿਆ ਕਿ ਮੋਬਾਇਲ ਕਿਸ ਤਰ੍ਹਾਂ ਨਾਲ ਸਾਡੇ ਰਿਸ਼ਤੇ ਖਰਾਬ ਕਰ ਰਿਹਾ ਹੈ। ਸੰਤੋਖ ਸਿੰਘ ਛੋਕਰ ਨੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਬੱਚਿਆਂ ਦੇ ਮਾਪਿਆਂ ਨਾਲ ਵੀ ਗੱਲਬਾਤ ਕੀਤੀ। ਟਿਊਸ਼ਨ ਸੈਂਟਰ ਦੇ ਟੀਚਰਾਂ ਨੇ ਆਪਣਾ ਤਿੰਨ ਸਾਲਾ ਦਾ ਅਨੁਭਵ ਅਤੇ ਉਪਲਬਧੀਆਂ ਬਾਰੇ ਦੱਸਿਆ। ਉਨ੍ਹਾਂ ਨੇ ਟਿਊਸ਼ਨ ਸੈਂਟਰ ਦੇ ਅਧਿਆਪਕਾ ਨੂੰ ਰਾਸ਼ੀ ਵੀ ਭੇਂਟ ਕੀਤੀ। ਇਸ ਮੌਕੇ 'ਤੇ ਨਿਤਿਨ,ਹਰਸ਼,ਰਸ਼ਵਿੰਦਰਪਾਲ,ਰਾਹੁਲ,ਜਸਪ੍ਰੀਤ ਕੌਰ,ਸੰਦੀਪ ਕੌਰ,ਮੀਨਾ,ਨੈਨਾ ਅਤੇ ਹਰਦਵ ਆਦਿ ਹਾਜ਼ਰ ਸਨ।



## ਪੀ ਸੀ ਐੱਮ ਐੱਸ ਡੀ ਕਾਲਜ 'ਚ ਚਮੜੀ ਦੀ ਦੇਖਭਾਲ ਬਾਰੇ ਵਰਕਸ਼ਾਪ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਦੇ ਕਾਸਮੈਟੋਲੋਜੀ ਵਿਭਾਗ ਵਲੋਂ ਨਿਕਿਤਾ ਮੇਕਓਵਰਜ਼, ਜਲੰਧਰ ਦੀ ਸਕਿਨ ਸਪੈਸ਼ਲਿਸਟ ਸ੍ਰੀਮਤੀ ਸੰਧਿਆ ਦੁਆਰਾ ਸਕਿਨ ਕੇਅਰ (ਫੇਸ਼ੀਅਲ) 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ । ਉਹਨਾਂ ਨੇ ਹਾਈਡਰਾ ਫੇਸ਼ੀਅਲ 'ਤੇ ਲਾਈਵ ਪ੍ਰਦਰਸ਼ਨ ਕੀਤਾ । ਉਹਨਾਂ ਨੇ ਚਮੜੀ ਦੇ ਵਿਸ਼ਲੇਸ਼ਣ ਦੀਆਂ ਤਕਨੀਕਾਂ, ਉਤਪਾਦ ਗਿਆਨ ਅਤੇ ਫੇਸ਼ੀਅਲ ਦੇ ਕਦਮਾਂ ਅਤੇ ਉਹਨਾਂ ਦੇ ਲਾਭਾਂ ਨੂੰ ਵੀ ਦਰਸਾਇਆ । ਵਰਕਸ਼ਾਪ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰਧਾਨ ਸ੍ਰੀ ਨਰੇਸ਼ ਕੁਮਾਰ ਬੁਧੀਆ , ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਦੇ ਨਾਲ-ਨਾਲ ਕਾਸਮੈਟੋਲੋਜੀ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੇ ਸਮਾਗਮ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

## ਅੱਖਾਂ ਦਾ ਅਪ੍ਰੇਸ਼ਨ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਗੁਰਦੁਆਰਾ ਪਾਤਸ਼ਾਹੀ ਸੱਤਵੀ ਧੰਨ ਧੰਨ ਸ਼੍ਰੀ ਹਰਿ ਰਾਇ ਸਹਿਬ ਜੀ ਦੀ ਚਰਨ ਛੋਹ ਧਰਤੀ 'ਤੇ ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ ਕੇਨੈਡਾ ਅਤੇ ਸਿੱਖ ਇੰਟਰਨੈਸ਼ਨਲ ਕੌਂਸਲ ਅਮਰੀਕਾ ਦੇ ਸਹਿਯੋਗ ਨਾਲ ਮੁਫ਼ਤ ਅੱਖਾਂ ਦਾ ਕੈਂਪ ਅਵਤਾਰ ਸਿੰਘ ਗਿਰਨ ਦੀ ਯਾਦ ਵਿਚ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਲਗਾਇਆ ਗਿਆ। ਗੁਰਚਰਨ ਸਿੰਘ ਬਨਵੈਤ ਨੇ ਦੱਸਿਆ ਕਿ ਸਭ ਤੋ ਪਹਿਲਾ ਬਾਬਾ ਸੁਖਚੈਨ ਸਿੰਘ ਹੈੱਡ ਗ੍ਰੰਥੀ ਨੇ ਅਰਦਾਸ ਕਰਕੇ ਕੈਂਪ ਦੀ ਆਰੰਭਤਾ ਕੀਤੀ। ਉਪਰੰਤ ਬਾਬਾ ਬਲਵੀਰ ਸਿੰਘ ਡੁਮੇਲੀ, ਜਥੇਦਾਰ ਸੁਰਜੀਤ ਸਿੰਘ ਮਸੂਤਾ, ਗੁਰਚਰਨ ਸਿੰਘ ਬਨਵੈਤ ਨੇ ਸਾਂਝੇ ਤੌਰ 'ਤੇ ਅੱਖਾਂ ਦੇ ਕੈਂਪ ਦਾ ਉਦਘਾਟਨ ਕੀਤਾ।

ਡਾਕਟਰ ਮਨਦੀਪ ਕੌਰ ਨਵਾਂਸ਼ਹਿਰ ਅੱਖਾਂ ਦੇ ਮਾਹਰ ਨੇ 150 ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆ ਦਿੱਤੀਆਂ। 20 ਮਰੀਜਾਂ ਦੇ ਮਨਦੀਪ ਹਸਪਤਾਲ ਨਵਾਂਸ਼ਹਿਰ ਵਿਖੇ ਅਪ੍ਰੇਸ਼ਨ ਕਰਕੇ ਮੁਫ਼ਤ ਲੈਜ ਪਾਏ ਗਏ। ਇਸ ਮੌਕੇ ਬੀਬੀ ਸੁਰਜੀਤ ਕੌਰ, ਪ੍ਰਧਾਨ ਦਰਸ਼ਨ ਸਿੰਘ ਨਵਾਂਸ਼ਹਿਰ, ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਦਲਵੀਰ ਸਿੰਘ ਇੰਗਲੈਂਡ, ਹਰਜਿੰਦਰ ਸਿੰਘ ਕਾਕਾ, ਰਾਜਵੀਰ ਸਿੰਘ, ਬਲਵੀਰ ਸਿੰਘ ਤੰਬੜ, ਜਗਤਾਰ ਸਿੰਘ ਸਾਬਕਾ ਪੰਚ ਭੁੰਗਰਨੀ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਤਾਰੀ ਆਦਿ ਹਾਜ਼ਰ ਸਨ।

## ਐਸ ਪੀ ਓਲੰਪੀਅਨ ਹੁੰਦਲ ਨੇ ਕਿੰਨਰ ਸਮਾਜ ਨਾਲ ਦੀਵਾਲੀ ਦੀਆਂ ਖੁਸ਼ੀਆਂ ਕੀਤੀਆਂ ਸਾਂਝੀਆਂ



**ਰੂਪਨਗਰ, (ਨਵਾਂ ਜ਼ਮਾਨਾ ਸਰਵਿਸ)**- ਵਧੀਕ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਰਜ ਡਵੀਜਨ ਪੰਜਾਬ, ਸ੍ਰੀਮਤੀ ਗੁਰਪ੍ਰੀਤ ਦਿਓ ਆਈ.ਪੀ.ਐੱਸ ਅਤੇ ਸੀਨੀਅਰ ਕਪਤਾਨ ਪੁਲਸ ਰੂਪਨਗਰ ਡਾ. ਸੰਦੀਪ ਗਰਗ ਆਈ.ਪੀ.ਐੱਸ. ਦੇ ਦਿਸ਼ਾ ਨਿਰਦੇਸ਼ਾ ਤਹਿਤ ਰੂਪਨਗਰ ਪੁਲਸ ਸਾਂਝ ਵਲੋਂ ਦੀਵਾਲੀ ਦੇ ਤਿਉਹਾਰ ਦੇ ਸਬੰਧ ਵਿੱਚ ਰੂਪਨਗਰ ਸ਼ਹਿਰ ਵਿੱਚ ਐਲ.ਆਈ.ਜੀ. ਫਲੈਟਾਂ ਵਿਖੇ ਕਿੰਨਰ ਸਮਾਜ ਨਾਲ ਖੁਸ਼ੀਆਂ ਸਾਂਝੀਆਂ ਕਰਨ ਲਈ ਓਲੰਪੀਅਨ ਰਾਜ ਪਾਲ ਸਿੰਘ ਹੁੰਦਲ ਪੀ.ਪੀ.ਐੱਸ, ਐੱਸ.ਪੀ. ਹੈੱਡਕੁਅਟਰ ਦੀ ਅਗਵਾਈ ਵਿੱਚ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕਿੰਨਰ ਸਮਾਜ ਦੇ ਗੱਦੀ ਨਸ਼ੀਨ ਰੀਨਾ ਮਹੰਤ ਦੀ ਅਗਵਾਈ ਵਿੱਚ 50 ਦੇ ਕਰੀਬ ਕਿੰਨਰ ਕਮਿਊਨਿਟੀ ਮੈਂਬਰਾਂ ਵਲੋ ਹਿੱਸਾ ਲਿਆ ਗਿਆ। ਹੁੰਦਲ ਨੇ ਉਹਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਮਾਜ ਦੇ ਮੈਂਬਰ ਸਾਡੀ ਹਰ ਖੁਸ਼ੀ ਵਿੱਚ ਸ਼ਰੀਕ ਹੁੰਦੇ ਹਨ ਤੇ ਅੱਜ ਅਸੀਂ ਇਹਨਾਂ ਨਾਲ ਖੁਸ਼ੀਆਂ ਸਾਂਝੀਆਂ ਕਰਨ ਲਈ ਇਹਨਾਂ ਦੇ ਘਰ ਆਏ ਹਾਂ। ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਬਣਦਾ ਸਤਿਕਾਰ ਮਿਲਣਾ ਚਾਹੀਦਾ ਹੈ। ਇਸ ਸਮੇਂ ਰੀਨਾ ਮਹੰਤ, ਸਿਲਵੀ ਮਹੰਤ, ਕਸ਼ਿਸ਼ ਮਹੰਤ ਅਤੇ ਤਮੰਨਾ ਮਹੰਤ ਆਦਿ ਕਿੰਨਰ ਸਮਾਜ ਦੇ ਨੁਮਇੰਦਿਆਂ ਨੇ ਐੱਸ.ਪੀ ਹੁੰਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਸਮਾਜ ਵਲੋਂ ਅਣਗੌਲਿਆਂ ਕੀਤਾ ਜਾਂਦਾ ਰਿਹਾ ਹੈ ਅੱਜ ਉਹ ਆਪਣੇ ਆਪ ਨੂੰ ਸਨਮਾਨਤ ਮਹਿਸੂਸ ਕਰ ਰਹੇ ਹਨ। ਕਿੰਨਰ ਸਮਾਜ ਦੇ ਮੈਂਬਰਾਂ ਨੇ ਨੱਚ ਕੇ ਦੀਵਾਲੀ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਜ਼ਿਲ੍ਹਾ ਸਾਂਝ ਕੇਂਦਰ ਇੰਚਾਰਜ ਇੰਸਿਕਟਰ ਰਣਜੀਤ ਸਿੰਘ, ਇੰਸਪੈਕਟਰ ਹਰਪ੍ਰੀਤ ਸਿੰਘ ਅਤੇ ਸਾਂਝ ਕਮੇਟੀ ਦੇ ਜ਼ਿਲ੍ਹਾ ਸਕੱਤਰ ਰਾਜਿੰਦਰ ਸੈਣੀ, ਮੈਂਬਰ ਡਾ. ਅਜਮੇਰ ਸਿੰਘ,ਪਰਮਿੰਦਰ ਕੌਰ, ਸੁਮਨ ਅਤੇ ਐੱਮ.ਸੀ ਰਾਜੂ ਸਤਿਅਲ, ਭਰਤ ਵਾਲੀਆ ਆਦਿ ਵੀ ਹਾਜ਼ਰ ਸਨ।

## ਐੱਨ ਐੱਸ ਐੱਸ ਕੈਂਪਸ 'ਚ ਸਫਾਈ ਅਭਿਆਨ ਚਲਾਇਆ

**ਕਰਤਾਰਪੁਰ (ਹਰਮੇਸ਼ ਦੱਤ )** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਨ ਐਸ ਐਸ ਵੱਲੋਂ ਕਾਲਜ ਕੈਂਪਸ ਵਿੱਚ ਸਫਾਈ ਅਭਿਆਨ ਚਲਾਇਆ ਗਿਆ। ਹਿਸਟਰੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਸੁਖਵਿੰਦਰ ਕੌਰ ਦੁੱਗਲ ਨੇ ਕੈਡਿਟ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਨੂੰ ਹਰ ਜਗ੍ਹਾ ਸਫਾਈ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ । ਜਿੱਥੇ ਸਫਾਈ ਹੁੰਦੀ ਹੈ ,ਉਥੇ ਹੀ ਪਰਮਾਤਮਾ ਦਾ ਵਾਸ ਹੁੰਦਾ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਕਾਲਜ ਦਾ ਐਨ. ਐਸ ਐਸ ਯੂਨਿਟ ਸਫਾਈ ਦੇ ਨਾਲ-ਨਾਲ ਕਾਲਜ ਦੀ ਬਿਹਤਰੀ ਲਈ ਹਮੇਸ਼ਾ ਅਜਿਹੇ ਅਭਿਆਨ ਚਲਾਉਦਾ ਰਹਿੰਦਾ ਹੈ। ਕਾਲਜ ਦੇ ਪ੍ਰਧਾਨ ਚੌਧਰੀ ਸੁਰਿੰਦਰ ਸਿੰਘ ਤੇ ਸਕੱਤਰ ਹਰੀ ਪਾਲ ਨੇ ਕਿਹਾ ਕਿ ਐਨ. ਐਸ ਐਸ ਯੂਨਿਟ ਕਾਲਜ ਦਾ ਅਨਿੱਖੜਵਾਂ ਅੰਗ ਹੈ ਜੋ ਹਰ ਪ੍ਰਸਥਿਤੀਆਂ ਵਿੱਚ ਸਮਾਜ ਦੀ ਸੇਵਾ ਲਈ ਤਤਪਰ ਰਹਿੰਦਾ ਹੈ।




## ਐੱਨ ਆਰ ਆਈ ਨੇ ਲੋੜਵੰਦ ਪਰਵਾਰ ਦੀ ਕੀਤੀ ਮਦਦ



**ਕਰਤਾਰਪੁਰ (ਹਰਮੇਸ਼ ਦੱਤ )** ਨਜ਼ਦੀਕੀ ਪਿੰਡ ਦਿਆਲਪੁਰ (ਜ਼ਿਲ੍ਹਾ ਜਲੰਧਰ) ਦੇ ਐੱਨ ਆਰ ਆਈ ਕੇਵਲ ਸਿੰਘ ਛੀਨਾ ਅਤੇ ਉਹਨਾਂ ਦਾ ਪਰਵਾਰ ਹਮੇਸ਼ਾਂ ਪਿੰਡ ਦੇ ਵਿਕਾਸ ਕੰਮਾਂ ਅਤੇ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਅੱਗੇ ਆਉਂਦੇ ਹਨ। ਉਨ੍ਹਾਂ ਨੇ ਪਿੰਡ ਦੇ ਇਕ ਜਰੂਰਤਮੰਦ ਪਰਵਾਰ ਦੇ ਬੱਚੇ ਨੂੰ ਪੈਰ ਦੇ ਆਪ੍ਰੇਸ਼ਨ ਲਈ ਸਹਾਇਤਾ ਰਾਸ਼ੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਚੇਅਰਮੈਨ ਸਰਪੰਚ ਹਰਜਿੰਦਰ ਸਿੰਘ (ਰਾਜਾ) ਦੇ ਜ਼ਰੀਏ ਉਨ੍ਹਾਂ ਦੇ ਘਰ ਪਹੁੰਚਾਈ। ਪੰਚਾਇਤ ਦਿਆਲਪੁਰ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੇ ਕੇਵਲ ਸਿੰਘ ਛੀਨਾ ਅਤੇ ਉਨ੍ਹਾਂ ਦੇ ਪਰਵਾਰ ਦਾ ਧੰਨਵਾਦ ਕੀਤਾ ਹੈ।

## ਕੌਮੀ ਲੋਕ ਅਦਾਲਤ ਦਾ ਆਯੋਜਨ 12 ਨਵੰਬਰ ਨੂੰ

**ਜਲੰਧਰ (ਨ ਜ਼ ਸ)**-ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੈਡਮ ਰੁਪਿੰਦਰਜੀਤ ਚਹਿਲ ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਫੈਸਲਾ ਕਰਵਾਉਣ ਲਈ ਜੁਡੀਸ਼ੀਅਲ ਅਫਸਰਾਨ, ਵਕੀਲ ਸਾਹਿਬਾਨਾਂ, ਬੈਂਕ ਅਧਿਕਾਰੀਆਂ, ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸਕੂਲਾਂ ਅਤੇ ਪਿੰਡਾਂ ਵਿੱਚ ਵੀ ਸੈਮੀਨਾਰਾਂ ਰਾਹੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਆਪਣੇ ਕੇਸਾਂ ਦਾ ਫੈਸਲਾ ਇਸ ਲੋਕ ਅਦਾਲਤ ਰਾਹੀਂ ਕਰਵਾ ਸਕਣ। ਲੋਕ ਅਦਾਲਤਾਂ ਦੀ ਮਹੱਤਤਾ ਸੰਬੰਧੀ ਜਾਣਕਾਰੀ ਦਿੰਦਿਆਂ ਮੈਡਮ ਰੁਪਿੰਦਰਜੀਤ ਚਹਿਲ ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮਕਸਦ ਲੋਕਾਂ ਨੂੰ ਜਲਦੀ ਅਤੇ ਸਸਤਾ ਨਿਆਂ ਦੁਆਉਣਾ ਹੈ ਅਤੇ ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਦੇ ਫੈਸਲੇ ਦੇ ਖਿਲਾਫ ਕਿਤੇ ਵੀ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤਾਂ ਰਾਹੀਂ ਝਗੜਿਆਂ ਦਾ ਫੈਸਲਾ ਹੋਣ ਨਾਲ ਕੋਈ ਵੀ ਧਿਰ ਹਾਰਦੀ ਨਹੀਂ ਸਗੋਂ ਦੋਨਾਂ ਧਿਰਾਂ ਦੀ ਜਿੱਤ ਹੁੰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਲੋਕ ਅਦਾਲਤਾਂ ਰਾਹੀਂ ਫੈਸਲੇ ਕਰਵਾਉਣ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਭਾਈਚਾਰਾ ਵੀ ਵਧਦਾ ਹੈ। ਜਿਹੜੇ ਲੋਕ ਆਪਣੇ ਅਦਲਾਤੀ ਝਗੜਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣਾ ਚਾਹੁੰਦੇ ਹਨ, ਉਹ ਆਪਣੀ ਦਰਖਾਸਤ ਸੰਬੰਧਤ ਅਦਾਲਤ ਨੂੰ ਦੇ ਸਕਦੇ ਹਨ।

## ਰੰਗੋਲੀ ਮੁਕਾਬਲੇ 'ਚ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐੱਫ ਜੇਤੂ



**ਸੁਲਤਾਨਪੁਰ ਲੋਧੀ( ਹਨੀ )** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਸਹੋਦਯਾ ਅੰਤਰ ਸਕੂਲ ਰੰਗੋਲੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ 12 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਦਾ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚਣ ਲਈ ਪ੍ਰਿੰਸੀਪਲ ਤੇ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਆਰ.ਸੀ. ਐੱਫ ਪ੍ਰਤੀਯੋਗਤਾ ਦਾ ਜੇਤੂ ਰਿਹਾ । ਐੱਮ. ਜੀ. ਐੱਨ ਪਬਲਿਕ ਸਕੂਲ ਕਪੂਰਥਲਾ ਦੂਜੇ ਅਤੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਕਪੂਰਥਲਾ ਤੀਜੇ ਸਥਾਨ 'ਤੇ ਰਿਹਾ । ਸਮਾਗਮ ਦੇ ਅੰਤ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇੰਜਨੀਅਰ ਹਰਨੀਆਮਤ ਕੌਰ, ਪ੍ਰਬੰਧਕ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਸਨਮਾਨਿਤ ਕੀਤਾ । ਇਸ ਮੌਕੇ ਮੈਡਮ ਸੁਨੀਤਾ ਗੁਜਰਾਲ, ਸ਼ੀਲਾ ਸ਼ਰਮਾ, ਨੀਤੂ ਸਿੰਘ, ਕੋਮਲ ਸ਼ਰਮਾ, ਵੈਸ਼ਨਵੀ ਆਦਿ ਸਟਾਫ ਮੈਂਬਰ ਹਾਜ਼ਰ ਸਨ ।

## ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਮੰਡੀਆਂ 'ਚ 113 ਫ਼ੀਸਦੀ ਲਿਫ਼ਟਿੰਗ ਤੇ 110 ਫ਼ੀਸਦੀ ਅਦਾਇਗੀ

**ਨਵਾਂਸ਼ਹਿਰ (ਮਨੋਜ ਲਾਡੀ)**-ਭਗਵੰਤ ਮਾਨ ਸਰਕਾਰ ਵੱਲੋਂ ਮੰਡੀਆਂ 'ਚ ਝੋਨੇ ਦੀ ਫ਼ਸਲ ਦੀ ਨਾਲੋ-ਨਾਲ ਅਦਾਇਗੀ ਅਤੇ ਲਿਫਟਿੰਗ ਨੇ ਕਿਸਾਨਾਂ ਅਤੇ ਆੜ੍ਹਤੀਆਂ ਦੇ ਚਿਹਰੇ ਬਾਗ਼ੋ-ਬਾਗ਼ ਕਰ ਦਿੱਤੇ ਹਨ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਹੁਣ ਤੱਕ ਖਰੀਦੇ ਮਾਲ ਦੀ 72 ਘੰਟਿਆਂ ਦੇ ਹਿਸਾਬ ਨਾਲ 113 ਫ਼ੀਸਦੀ ਲਿਫ਼ਟਿੰਗ ਅਤੇ 48 ਘੰਟਿਆਂ ਦੇ ਹਿਸਾਬ ਨਾਲ 110 ਫ਼ੀਸਦੀ ਅਦਾਇਗੀ ਹੋ ਚੁੱਕੀ ਹੈ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਨੁਸਾਰ ਜ਼ਿਲ੍ਹੇ ਦੀ ਮੰਡੀ ਵਿੱਚ 3.81 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਅਤੇ ਖਰੀਦ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਸ਼ਾਮ ਤੱਕ 120398 ਮੀਟ੍ਰਿਕ ਟਨ ਦੀ ਖਰੀਦ ਹੋ ਵੀ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਖਰੀਦ ਕੀਤੀ ਜਿਣਸ 'ਚੋਂ 92837 ਮੀਟ੍ਰਿਕ ਟਨ ਦੀ ਲਿਫ਼ਟਿੰਗ ਕਰ ਲਈ ਗਈ ਹੈ ਜਦਕਿ 211 ਕਰੋੜ ਤੋਂ ਵਧੇਰੇ ਦੀ ਅਦਾਇਗੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਅਗਲੇ ਦਿਨਾਂ 'ਚ ਤਿਉਹਾਰ ਨੂੰ ਮੁੱਖ ਰੱਖਦਿਆਂ ਖਰੀਦੀ ਗਈ ਜਿਣਸ ਦੀ ਅਦਾਇਗੀ ਨਾਲ ਦੀ ਨਾਲ ਕਰਨ ਦੀਆਂ ਹਦਾਇਤਾਂ ਨੂੰ ਜ਼ਮੀਨੀ ਪੱਧਰ ਤੱਕ ਖਰੀਦ ਏਜੰਸੀਆਂ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ। ਡੀ ਐਫ ਐਸ ਸੀ ਰੇਨੂੰ ਬਾਲਾ ਵਰਮਾ ਅਨੁਸਾਰ ਹੁਣ ਤੱਕ 10007 ਕਿਸਾਨਾਂ ਨੂੰ ਅਦਾਇਗੀ ਸਿੱਧੀ ਉਨ੍ਹਾਂ ਦੇ ਖਾਤਿਆਂ 'ਚ ਪਾਈ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਔਸਤਨ ਖਰੀਦ ਤੋਂ ਬਾਅਦ 24 ਤੋਂ 48 ਘੰਟੇ 'ਚ ਅਦਾਇਗੀ ਹੋ ਰਹੀ ਹੈ, ਜਿਸ ਤੋਂ ਕਿਸਾਨ ਦੇ ਨਾਲ-ਨਾਲ ਆੜ੍ਹਤੀ ਵੀ ਖੁਸ਼ ਹਨ।

## ਸ਼ਹੀਦ ਬਾਬਾ ਕਰਮ ਸਿੰਘ ਦੀ ਯਾਦ 'ਚ ਗੁਰਮਿਤ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡੋਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਕਰਮ ਸਿੰਘ ਜੀ (ਸ਼ਹੀਦਾਂ) ਦੇ ਅਸਥਾਨ 'ਤੇ ਉਨ੍ਹਾਂ ਦੀ ਯਾਦ ਵਿਚ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਮਨਦੀਪ ਸਿੰਘ ਸਰਪੰਚ ਬੱਡੋਂ ਨੇ ਦੱਸਿਆ ਕਿ ਸਮਾਗਮ ਦੌਰਾਨ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿਚ ਸੰਤ ਬਾਬਾ ਗੁਰਚਰਨ ਸਿੰਘ ਬੱਡੋਂ, ਭਾਈ ਧਰਮ ਸਿੰਘ ਅਜਨੋਹਾ, ਭਾਈ ਬਲਵੀਰ ਸਿੰਘ ਗੁਰਦਾਸਪੁਰੀ ਕਵੀਸ਼ਰੀ ਜਥਾ, ਭਾਈ ਕੁਲਵੰਤ ਸਿੰਘ ਹਾਰਟਾ ਹੁਸ਼ਿਆਰਪੁਰ, ਬੀਬੀ ਰਾਜਵੰਤ ਕੌਰ ਖਾਲਸਾ ਸ੍ਰੀ ਫਹਿਤਗੜ੍ਹ ਸਾਹਿਬ ਇੰਟਰਨੈਸ਼ਨਲ ਢਾਡੀ ਪੰਥਕ ਜੱਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪ੍ਰਧਾਨ ਅਮਨਦੀਪ ਸਿੰਘ ਸਰਪੰਚ ਬੱਡੋਂ, ਸਰਬਪ੍ਰੀਤ ਸਿੰਘ ਮੀਤ ਸੋਨੂੰ ਪ੍ਰਧਾਨ, ਜਥੇਦਾਰ ਅਮਰੀਕ ਸਿੰਘ ਪਰਮਾਰ ਖਜਾਨਚੀ, ਜਰਨੈਲ ਸਿੰਘ ਜਨਰਲ ਸਕੱਤਰ, ਨਿਰਮਲ ਸਿੰਘ, ਡਾਕਟਰ ਸਰਬਜੀਤ ਸਿੰਘ ਬਿੱਟੂ ਸਕੱਤਰ, ਸੁਖਵੀਰ ਸਿੰਘ ਰਿਮੀ, ਸੇਵਾ ਸਿੰਘ, ਤਰਲੋਕ ਸਿੰਘ, ਭਾਈ ਪਰਮਜੀਤ ਸਿੰਘ ਹੈਡ ਗ੍ਰੰਥੀ, ਸੋਢੀ ਸਿੰਘ, ਅਵਤਾਰ ਸਿੰਘ ਤਾਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਭਰ ਤੋਂ ਸੰਗਤਾਂ ਹਾਜ਼ਰ ਸਨ।

## ਸੇਵਾ ਕੇਂਦਰਾਂ ਦਾ ਸਮਾਂ ਮੁੜ ਹੋਇਆ ਸਵੇਰੇ 9 ਤੋਂ ਸ਼ਾਮ ਦੇ 5 ਵਜੇ ਤੱਕ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 22 ਅਕਤੂਬਰ ਤੋਂ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 09 ਵਜੇ ਤੋਂ ਸ਼ਾਮ 5 ਵਜੇ ਤੱਕ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ ਨੂੰ ਓਪਰੇਟਰ ਰੋਸਟਰ ਪ੍ਰਣਾਲੀ ਦੀ ਵਰਤੋਂ ਕਰਕੇ ਹਫ਼ਤੇ ਦੇ 7 ਦਿਨ ਸੰਚਾਲਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਸੇਵਾ ਕੇਂਦਰਾਂ ਵਿੱਚ ਹੁਣ ਸੋਮਵਾਰ ਤੋਂ ਸ਼ੁੱਕਰਵਾਰ ਤੱਕ 100 ਫੀਸਦ ਸਟਾਫ ਅਤੇ ਸ਼ਨੀਵਾਰ ਅਤੇ ਐਤਵਾਰ ਨੂੰ 50 ਫੀਸਦ ਸਟਾਫ ਨਾਲ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਆਮ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ

**ਬਹਿਰਾਮ (ਅਵਤਾਰ ਕਲੇਰ)** ਪੰਜਾਬ ਪੈਨਸਨਰਜ਼ ਯੂਨੀਅਨ ਨਵਾਂ ਸ਼ਹਿਰ ਦੀ ਮਹੀਨਾਵਾਰ ਮੀਟਿੰਗ ਦਲਜੀਤ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਇਸ ਮੀਟਿੰਗ ਦੇ ਸ਼ੁਰੂ ਵਿਚ ਵਿਛੜੇ ਸਾਥੀਆਂ ਮਹਿੰਗਾ ਸਿੰਘ ਭੰਮੀਆਂ , ਕਾਮਰੇਡ ਜਸਵੰਤ ਸਿੰਘ ਜਨਰਲ ਸਕੱਤਰ ਪੰਜਾਬ ਪੈਨਸਨਰਜ਼ ਯੂਨੀਅਨ ਚੰਡੀਗੜ੍ਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਬਾਅਦ ਪੈਨਸ਼ਨਰਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਵਿੱਚ ਸਾਥੀ ਸੁਰਜੀਤ ਸਿੰਘ ਮਾਨਕ, ਦਰਸ਼ਨ ਰਾਮ ਨੰਗਲਾਂ, ਪ੍ਰੇਮ ਕੁਮਾਰ ਕੈਸ਼ੀਅਰ , ਵਿਜੈ ਕੁਮਾਰ ਜਨਰਲ ਸਕੱਤਰ ਪੰਜਾਬ ਪੈਨਸਨਰਜ਼ ਯੂਨੀਅਨ ਜਲੰਧਰ ਨੇ ਵਿਚਾਰ ਪੇਸ਼ ਕੀਤੇ। ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਕੁਝ ਅੰਸ਼ਕ ਮੰਗਾਂ ਮੰਨਣ 'ਤੇ ਉਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੈਨਸ਼ਨਰਾਂ ਦੀਆਂ ਰਹਿੰਦੀਆਂ ਮੰਗਾਂ ਨੂੰ ਵੀ ਜਲਦੀ ਮਨਜ਼ੂਰੀ ਦੇ ਕੇ ਉਨ੍ਹਾਂ ਦੀ ਬੇਚੈਨੀ ਦੂਰ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਹਰ ਚੰਦ ਗਰਚਾ ਸੇਵਾ ਸਿੰਘ, ਜਗੀਰ ਸਿੰਘ, ਮੇਹਰ ਸਿੰਘ, ਮੋਹਣ ਸਿੰਘ ਰੁੜਕੀ ਖਾਸ, ਗੁਰਪਾਲ ਸਿੰਘ, ਉਮਰਾਓ ਸਿੰਘ, ਜੀਵਨ ਲਾਲ ਮਾਨਕ, ਕਸਮੀਰ ਸਿੰਘ, ਸੁਖਦੇਵ ਸਿੰਘ ਮਝੂਰ, ਗੁਰਮੇਲ ਲਾਲ, ਮਹਿੰਦਰ ਸਿੰਘ ਮਹਿਤ ਪੁਰ, ਸੋਹਣ ਸਿੰਘ ਮਾਨਕ ਆਦਿ ਹਾਜ਼ਰ ਸਨ।

# ਕਰੋੜਾਂ ਦੀ ਠੱਗੀ ਦੇ ਮਾਮਲੇ 'ਚ ਕੋਆਪਰੇਟਿਵ ਬੈਂਕ ਨੇ ਨਹੀਂ ਕੀਤੀ ਕੋਈ ਪੁਖਤਾ ਕਾਰਵਾਈ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਅਧੀਨ ਜ਼ੋਨ ਬਾਬਾ ਦੀਪ ਸਿੰਘ ਜੀ ਦੀ ਕੋਰ ਕਮੇਟੀ ਵੱਲੋਂ ਅੱਜ ਮੀਟਿੰਗ ਕੀਤੀ ਗਈ। ਮੀਟਿੰਗ ਦੀ ਅਗਵਾਈ ਸੂਬਾ ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ ਨੇ ਕੀਤੀ। ਮੀਟਿੰਗ ਵਿੱਚ ਹਾਜ਼ਰ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਲਹਵੜ, ਜ਼ਿਲ੍ਹਾ ਸਲਾਹਕਾਰ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਮੀਤ ਪ੍ਰਧਾਨ ਅੰਗਰੇਜ਼ ਸਿੰਘ ਦਬੁਰਜੀ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਬਲਜੀਤ ਸਿੰਘ ਰਟੌਲ, ਜ਼ੋਨ ਖਜ਼ਾਨਚੀ ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ ਨੇ ਵਿਚਾਰਾਂ ਕਰਦੇ ਹੋਏ ਦੱਸਿਆ ਕਿ 27 ਸਤੰਬਰ ਤੋਂ ਕੋਆਪ੍ਰੇਟਿਵ ਬੈਂਕ ਪਿੰਡ ਦਬੁਰਜੀ ਅੱਗੇ ਲਗਾਤਾਰ ਦਿਨ-ਰਾਤ ਮੋਰਚਾ ਚੱਲ ਰਿਹਾ ਹੈ। ਬੈਂਕ ਦੇ ਉੱਚ ਅਧਿਕਾਰੀਆਂ ਵੱਲੋਂ ਵਿਸ਼ਵਾਸ ਦੁਆਇਆ ਗਿਆ ਕੇ 20 ਅਕਤੂਬਰ ਤੱਕ ਜਿਹੜੇ ਵੀ ਬੈਂਕ ਦੇ ਅਧਿਕਾਰੀ ਇਸ ਧੋਖਾਧੜੀ ਦੇ ਮਾਮਲੇ ਵਿੱਚ ਸ਼ਾਮਲ ਹੋਣਗੇ ਉਨ੍ਹਾਂ ਉਪਰ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਧੋਖਾਧੜੀ ਦਾ ਸਾਹਮਣਾ ਕਰ ਰਹੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਬਣਦਾ ਹੱਕ ਦਿੱਤਾ ਜਾਵੇਗਾ। ਹਰਪ੍ਰੀਤ ਸਿੱਧਵਾ ਨੇ ਦੱਸਿਆ ਕਿ ਬੈਂਕ ਦੇ ਸੀਨੀਅਰ ਅਫਸਰਾਂ ਦੀ ਮਿਲੀਭੁਗਤ ਹੋਣ ਕਾਰਨ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ, ਧਰਨੇ ਵਿਚ ਮੁਸਕਲਾਂ ਨੂੰ ਵੇਖਦੇ ਹੋਏ ਕੋਰ ਕਮੇਟੀ ਵੱਲੋਂ ਜੋਨ ਬਾਬਾ ਦੀਪ ਸਿੰਘ ਜੀ ਦੀ ਮੀਟਿੰਗ 25 ਅਕਤੂਬਰ ਦਿਨ ਮੰਗਲਵਾਰ ਨੂੰ ਗੁਰਦਵਾਰਾ ਬਾਬਾ ਅੱਫਰਾ ਸਿੰਘ ਜੀ ਦੇ ਅਸਥਾਨ ਪਿੰਡ ਗੋਹਲਵੜ ਵਿਖੇ ਸੱਦੀ ਗਈ ਹੈ। ਕੋਰ ਕਮੇਟੀ ਵੱਲੋਂ ਜ਼ੋਨ ਦੇ ਸਾਰੇ 18 ਪਿੰਡਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਮੀਟਿੰਗ ਵਿਚ ਸਾਰੇ ਪਿੰਡ ਹਾਜ਼ਰ ਹੋਣ ਤਾਂ ਕਿ ਧਰਨੇ ਦੀ ਅਗਲੀ ਕਾਰਵਾਈ 'ਤੇ ਵਿਚਾਰ ਚਰਚਾ ਕੀਤੀ ਜਾ ਸਕੇ।

## ਨੌਜਵਾਨਾਂ ਨਾਲ ਮਿਲ ਕੇ ਬਾਬਾ ਅਜਿੱਤਾ ਰੰਧਾਵਾ ਪਾਰਕ 'ਚ ਲਗਾਏ ਫੁੱਲ-ਬੂਟੇ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ 4 ਏਕੜ ਵਿੱਚ ਬਣਾਈ ਗਈ ਬਾਬਾ ਅਜਿੱਤਾ ਰੰਧਾਵਾ ਪਾਰਕ ਵਿੱਚ ਨੌਜਵਾਨ ਸਭਾ ਡੇਰਾ ਬਾਬਾ ਨਾਨਕ ਵੱਲੋਂ ਪਾਰਕ ਵਿੱਚ ਫੁੱਲ ਬੂਟੇ ਲਗਾਉਣ ਦਾ ਅਤੇ ਸਾਫ ਸਫਾਈ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਇਸ ਮਹਾਨ ਕਾਰਜ ਵਿੱਚ ਆਪਣਾ ਹਿੱਸਾ ਪਾਉਂਦੇ ਹੋਏ ਅੱਜ ਡੇਰਾ ਬਾਬਾ ਨਾਨਕ ਦੇ ਡੀ. ਐੱਸ. ਪੀ. ਰਛਪਾਲ ਸਿੰਘ ਵੱਲੋਂ ਫੁੱਲਾਂ ਦੇ ਬੂਟਿਆਂ ਦੀ ਨੌਜਵਾਨ ਸਭਾ ਦੀ ਟੀਮ ਨਾਲ ਮਿਲ ਕੇ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਸ਼ਾਮ ਸੁੰਦਰ ਅਵੱਸਥੀ ਸਾਈ ਅਕੈਡਮੀ ਡੇਰਾ ਬਾਬਾ ਨਾਨਕ ਵੱਲੋਂ 200 ਫੁੱਲਾਂ ਦੇ ਬੂਟਿਆਂ ਦੀ ਸੇਵਾ ਕੀਤੀ ਗਈ। ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਐੱਸਓ ਮਨਪ੍ਰੀਤ ਸਿੰਘ ਵੱਲੋਂ ਵੀ ਇਸ ਕਾਰਜ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ ਗਿਆ । ਉਨ੍ਹਾਂ ਨੌਜਵਾਨ ਸਭਾ ਦਾ ਧੰਨਵਾਦ ਕਰਦੇ ਹੋਏ ਸ਼ਹਿਰ ਨਿਵਾਸੀਆਂ ਨੂੰ ਬੇਨਤੀ ਕੀਤੀ ਉਹ ਵੀ ਕਿ ਉਹ ਵੀ ਸਾਡੇ ਨਾਲ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਇਹ ਤੁਹਾਡਾ ਆਪਣਾ ਪਾਰਕ ਹੈ, ਆਉ ਸਾਰੇ ਰਲ ਮਿਲ ਕੇ ਪਾਰਕ ਦੀ ਸਾਭ ਸੰਭਾਲ ਕਰੀਏ। ਇਸ ਮੌਕੇ ਨੌਜਵਾਨ ਸਭਾ ਮੈਂਬਰ ਸੁਧੀਰ ਬੇਦੀ, ਅਸ਼ਵਨੀ ਅਰੋੜਾ, ਗੁਲਸ਼ਨ ਕੁਮਾਰ, ਮੂਲਰਾਜ ਭੱਟੀ, ਅਨੀਲ ਮਰਵਾਹ, ਰਜਤ ਮਰਵਾਹ, ਚਿਮਨ ਲਾਲ ਸਹਿਨਸ਼ਾਹ, ਬਾਲ ਕ੍ਰਿਸ਼ਨ ਗੋਗਾ , ਨਰਿੰਦਰ ਕੁਮਾਰ, ਮੰਨੂ ਅਰੋੜਾ, ਗੌਰਵ ਗੈਂਦ, ਕੁਲਵੰਤ ਸਿੰਘ, ਡਾ. ਮਨਮੋਹਨ ਭੱਟੀ ਅਤੇ ਗੰਨਮੈਨ ਗੁਰਦੇਵ ਸਿੰਘ ਆਦਿ ਹਾਜ਼ਰ ਸਨ।

## ਐੱਚ ਡੀ ਐੱਫ ਸੀ ਬੈਂਕ ਨੇ ਜਿੱਤਿਆ ਸੀ ਆਈ ਆਈ ਡੀ ਐਕਸ ਡਿਜੀਟਲ ਟ੍ਰਾਂਸਫਾਰਮੇਸ਼ਨ ਐਵਾਰਡ-2022

**ਜਲੰਧਰ** : ਭਾਰਤ ਦੇ ਸਭ ਤੋਂ ਵੱਡੇ ਨਿੱਜੀ ਖੇਤਰ ਦੇ ਬੈਂਕ ਐੱਚਡੀਐੱਫਸੀ ਬੈਂਕ ਨੇ ਡਿਜੀਟਲ ਪਰਿਵਰਤਨ ਦੁਆਰਾ ਗਾਹਕ ਅਨੁਭਵ ਵਿੱਚ ਸਭ ਤੋਂ ਵੱਧ ਨਵੀਨਤਮ ਅਭਿਆਸਾਂ ਦੀ ਸ਼੍ਰੇਣੀ ਵਿੱਚ 'ਪੇਂਡੂ ਬੈਂਕਿੰਗ ਵਿੱਚ ਗਾਹਕ ਅਨੁਭਵ ਨੂੰ ਬਦਲਣ' ਲਈ ਵੱਕਾਰੀ ਸੀਆਈਆਈ ਡੀਐਕਸ 2022 ਡਿਜੀਟਲ ਟ੍ਰਾਂਸਫਾਰਮੇਸ਼ਨ ਐਵਾਰਡ ਜਿੱਤਿਆ ਹੈ। ਬੈਂਕ ਦੇ 5 ਲੱਖ+ ਫਿਜ਼ੀਕਲ ਟੱਚ ਪੁਆਇੰਟ ਪੇਂਡੂ ਖੇਤਰਾਂ ਵਿੱਚ 2.7 ਮਿਲੀਅਨ ਗਾਹਕਾਂ ਨੂੰ 45+ ਉਤਪਾਦਾਂ ਅਤੇ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਨ। ਡਿਜੀਟਲ ਪਰਿਵਰਤਨ ਪਹਿਲਕਦਮੀ 'ਪੇਂਡੂ ਬੈਂਕਿੰਗ ਵਿੱਚ ਗਾਹਕ ਅਨੁਭਵ ਨੂੰ ਬਦਲਣ' ਲਈ ਬੈਂਕ ਨੇ ਪੂਰੇ ਭਾਰਤ ਵਿੱਚ 5 ਲੱਖ ਤੋਂ ਵੱਧ ਏਜੰਟਾਂ ਨੂੰ ਤਾਇਨਾਤ ਕੀਤਾ ਹੈ ਜਿਸ ਨੇ ਦੇਸ਼ ਭਰ ਵਿੱਚ ਬੈਂਕਿੰਗ ਦਾ ਵਿਸਤਾਰ ਘੱਟ ਬੈਂਕ ਵਾਲੇ ਅਤੇ ਬੈਂਕਾਂ ਤੋਂ ਰਹਿਤ ਵਰਗਾਂ ਤੱਕ ਕੀਤਾ। ਇਸ ਪਹਿਲਕਦਮੀ ਦੇ ਜ਼ਰੀਏ ਬੈਂਕ ਨੇ ਪੇਂਡੂ ਖੇਤਰਾਂ ਵਿੱਚ ਦੁਰਲੱਭ ਭੌਤਿਕ ਬੈਂਕਿੰਗ ਟੱਚ ਪੁਆਇੰਟਸ, ਸੱਜੇ ਤੋਂ ਬਾਜ਼ਾਰ ਉਤਪਾਦਾਂ ਦੀ ਅਣਹੋਂਦ ਅਤੇ ਲੋੜੀਂਦੇ ਦਸਤਾਵੇਜ਼ਾਂ ਦੀ ਘਾਟ ਕਾਰਨ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਲੰਬਾ ਸਮਾਂ ਵਰਗੀਆਂ ਚੁਣੌਤੀਆਂ ਦਾ ਹੱਲ ਕੀਤਾ।

## ਪ੍ਰਿੰਸੀਪਲ ਨੀਰੂ ਸ਼ਰਮਾ ਨੇ ਬੱਚਿਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਦਾ ਦਿੱਤਾ ਸੰਦੇਸ਼



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਭਾਰਤ ਤਿਉਹਾਰਾਂ ਦਾ ਦੇਸ਼ ਹੈ। ਇੱਥੇ ਕੁੱਝ ਤਿਉਹਾਰ ਮੌਸਮੀ ਤੇ ਕੁੱਝ ਦਾ ਸਬੰਧ ਇਤਿਹਾਸ ਨਾਲ ਹੋਰ ਕਰਕੇ ਹਰ ਇੱਕ ਤਿਉਹਾਰ ਵਿੱਚ ਲੋਕ ਵਧੇਰੇ ਰੁਚੀ ਰੱਖਦੇ ਹਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀ ਸੈਕੰ. ਪਬਲਿਕ ਸਕੂਲ ਪੱਟੀ ਵਿਖੇ ਦੀਵਾਲੀ ਦਾ ਤਿਉਹਾਰ ਬੜ੍ਹੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਪਹਿਲੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਵੇਂ ਰੰਗੋਲੀ ਬਣਾਉਣਾ, ਥਾਲੀ ਮੁਕਾਬਲਾ, ਦੀਵਾ ਮੇਕਿੰਗ, ਚਾਰਟ ਮੁਕਾਬਲਾ ਆਦਿ ਕਰਵਾਏ ਗਏ, ਜਿਸ ਵਿੱਚ ਵੱਧ-ਚੜ੍ਹ ਕੇ ਲੜਕੇ ਅਤੇ ਲੜਕੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫੀਕੇਟ ਸਨਮਾਨ ਵਜੋਂ ਦਿੱਤੇ ਗਏ। ਪ੍ਰਿੰ. ਮੈਡਮ ਨੀਰੂ ਸ਼ਰਮਾ ਵਲੋਂ ਜੇਤੂ ਬੱਚਿਆਂ ਦਾ ਸਨਮਾਨ ਕਰਦੇ ਹੋਏ ਕਿਹਾ ਗਿਆ ਕਿ ਵਾਤਾਵਰਣ ਬਹੁਤ ਪ੍ਰਦੂਸ਼ਿਤ ਹੋ ਚੁੱਕਾ ਹੈ, ਜਿਸ ਕਾਰਨ ਅਨੇਕਾਂ ਤੰਦਰੁਸਤ ਲੋਕ ਬੀਮਾਰ ਹੋਣ ਦੀ ਕਗਾਰ ਤੱਕ ਪਹੁੰਚ ਚੁੱਕੇ ਹਨ। ਉਨ੍ਹਾਂ ਦਾ ਕਸੂਰ ਕੋਈ ਨਹੀਂ, ਪਰ ਜਿਹੜੇ ਲੋਕ ਹਵਾ, ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਲੱਗੇ ਹਨ, ਇਹ ਸਭ ਉਨ੍ਹਾਂ ਲੋਕਾਂ ਦੀ ਵਜ੍ਹਾ ਕਰਕੇ ਹਨ। ਅਸੀਂ ਇਨਸਾਨ ਹੋਣ ਦੇ ਨਾਤੇ ਇਨਸਾਨਾਂ ਵਾਲੇ ਕੰਮ ਵੀ ਕਰੀਏ ਅਤੇ ਆਪਣੇ ਪੰਜਾਬ ਨੂੰ ਤੰਦਰੁਸਤ ਸਮਾਜ ਬਣਾਈਏ। ਇਹ ਤਾਂ ਹੀ ਹੋ ਸਕਦਾ ਹੈ ਕਿ ਜੇਕਰ ਓਸੀਂ ਆਪਣੇ ਘਰਾਂ, ਗਲੀਆਂ ਮੁਹੱਲਿਆਂ, ਜਨਤਕ ਥਾਵਾਂ 'ਤੇ ਦਰੱਖਤ ਲਗਾ ਕੇ ਗ੍ਰੀਨ ਦੀਵਾਲੀ ਮਨਾਵਾਂਗੇ। ਇਸ ਨਾਲ ਅਸੀਂ ਤਾਂ ਤੰਦਰੁਸਤ ਰਹਾਂਗੇ ਹੀ, ਬਲਕਿ ਹੋਰਨਾਂ ਨੂੰ ਵੀ ਤੰਦਰੁਸਤ ਰੱਖਣ ਵਿੱਚ ਆਪਣਾ ਯੋਗਦਾਨ ਪਾਵਾਂਗੇ। ਸਕੂਲ਼ ਦੇ ਮੈਂਬਰ ਇੰਚਾਰਜ ਪਰਮਜੀਤ ਸਿੰਘ ਆਹੂਜਾ, ਗੁਰਬੀਰ ਸਿੰਘ ਢਿੱਲੋਂ ਅਤੇ ਸਰਬਜੀਤ ਸਿੰਘ ਨੇ ਅਧਿਆਪਕ ਸਾਹਿਬਾਨ, ਬੱਚਿਆਂ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰਾਂ ਨੂੰ ਦੀਵਾਲੀ ਦੇ ਇਸ ਸ਼ੁੱਭ ਤਿਉਹਾਰ ਦੀਆਂ ਵਧਾਈ ਦਿੰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਸਕੂਲ ਵਿੱਚ ਬੱਚਿਆਂ ਵੱਲੋਂ ਦੀਵਾਲੀ ਸਬੰਧੀ ਕਰਵਾਏ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਹੈ, ਇਹ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਮਿਸਾਲ ਹੈ। ਉਨ੍ਹਾਂ ਨੇ ਦੀਵਾਲੀ ਦੇ ਤਿਉਹਾਰ ਤੇ ਕੀਤੀ ਜਾਂਦੀ ਦੀਪਮਾਲਾ ਦੇ ਨਾਲ ਨਾਲ ਆਪਣੇ ਅਮਦਰ ਵੀ ਗਿਆਨ ਦਾ ,ਚੰਗੇ ਸੰਸਕਾਰਾਂ ਦਾ ਦੀਵਾ ਬਾਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸੁਪਰਵਾਈਜ਼ਰ ਮੈਡਮ ਕਰਮਜੀਤ ਕੌਰ, ਮੈਡਮ ਪਰਦੀਪ ਕੌਰ, ਮੈਡਮ ਰੁਪਿੰਦਰ ਕੌਰ ਨੰਦਾ, ਮੈਡਮ ਰਣਜੀਤ ਕੌਰ, ਮੈਡਮ ਹਰਪ੍ਰੀਤ ਕੌਰ ਚੀਮਾ ਅਤੇ ਅਧਿਆਪਕ ਬੱਚੇ ਆਦਿ ਹਾਜ਼ਰ ਸਨ।

## ਸ਼ਹੀਦ ਜਗੀਰ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ ਕੁਇਜ਼ ਮੁਕਾਬਲਿਆਂ 'ਚ ਅੱਵਲ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)**-ਆਪਣੀ ਮਿਹਨਤ, ਲਗਨ ਅਤੇ ਮਜ਼ਬੂਤ ਇਰਾਦਿਆਂ ਨਾਲ ਸਕੂਲ ਪ੍ਰਿੰ. ਸਾਈਂ ਸ਼ਰਨ ਦੀ ਰਹਿਨੁਮਾਈ ਹੇਠ ਚੱਲਣ ਵਾਲੀ ਸੰਸਥਾ ਸ਼ਹੀਦ ਜਗੀਰ ਸਿੰਘ ਸਰਕਾਰੀ ਹਾਈ ਸਮਾਰਟ ਸਕੂਲ ਚੰਬਾ ਕਲਾਂ ਦੇ ਵਿਦਿਆਰਥੀ ਹਮੇਸ਼ਾ ਹੀ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਆਪਣੇ ਅਧਿਆਪਕਾਂ ਦਾ ਸਿਰ ਮਾਣ ਨਾਲ ਉੱਚਾ ਚੁੱਕਦੇ ਰਹਿੰਦੇ ਹਨ। ਇਸੇ ਸਿਲਸਿਲੇ ਨੂੰ ਦੁਹਰਾਉਂਦਿਆਂ ਅੱਜ ਬਲਾਕ ਪੱਧਰੀ ਕੁਇਜ਼ ਮੁਕਾਬਲੇ ਵਿੱਚ ਇਸ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਰਗਾਂ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਮਿਡਲ ਵਰਗ ਵਿੱਚ ਪਹਿਲਾ ਸਥਾਨ ਦਰਜ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਇਸ ਸਕੂਲ ਦੇ ਵਿਦਿਆਰਥੀ ਨਵਨੀਤ ਕੌਰ ਅੱਠਵੀਂ ਜਮਾਤ, ਜਸਮੀਨ ਕੌਰ ਸੱਤਵੀਂ ਜਮਾਤ ਅਤੇ ਪਤਰਸ ਛੇਵੀਂ ਨੇ ਮਿਡਲ ਪੱਧਰ ਦੇ ਕੁਇਜ਼ ਮੁਕਾਬਲੇ ਵਿੱਚ ਬਲਾਕ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਇੰਚਾਰਜ ਸਾਈਂ ਸ਼ਰਨ ਨੇ ਇਨ੍ਹਾਂ ਸਾਰੀਆਂ ਜਿੱਤਾਂ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਅਤੇ ਸਕੂਲ ਦੇ ਸਟਾਫ ਦੇ ਸਿਰ ਬੰਨ੍ਹਿਆ। ਉਨ੍ਹਾਂ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਅੱਗੇ ਤੋਂ ਵੀ ਮਿਹਨਤ ਇੰਜ ਹੀ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

## ਸਕਾਲਰਸ਼ਿਪ ਸਕੀਮ ਦਾ ਲਾਭ ਲੈਣ ਵਾਲਿਆਂ ਨੂੰ ਕਰਨਾ ਪੈ ਰਿਹੈ ਪ੍ਰੇਸ਼ਾਨੀਆਂ ਦਾ ਸਾਹਮਣਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸੂਬੇ ਅੰਦਰ ਵੱਖ-ਵੱਖ ਸਰਕਾਰੀ ਮਹਿਕਮਿਆਂ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਵੱਲੋਂ ਬਿਨਾਂ ਵਜ੍ਹਾ ਹੜਤਾਲ ਕਾਰਨ ਕੰਮਕਾਜ ਠੱਪ ਹੋਣ ਕਰਕੇ ਜਿਥੇ ਸਰਕਾਰ ਨੂੰ ਕਰੋੜਾਂ ਰੂਪਏ ਦਾ ਨੁਕਸਾਨ ਹੋ ਰਿਹਾ ਉਥੇ ਆਮ ਲੋਕ ਆਪਣਾ ਸਰਕਾਰੀ ਕੰਮਕਾਜ ਕਰਵਾਉਣ ਲਈ ਦਫਤਰਾਂ 'ਚ ਖੱਜਲ ਖੁਆਰ ਹੋ ਰਹੇ ਹਨ। ਲੋਕਾਂ ਦਾ ਕੰਮ ਲੇਟ ਹੋ ਰਿਹਾ। ਤਤਕਾਲੀ ਸਰਕਾਰ ਵੱਲੋਂ ਕੁਰਸੀ ਦੇ ਲਾਲਚ ਖਾਤਰ ਮੁਲਾਜ਼ਮਾਂ ਦੀਆਂ ਹੱਦੋਂ ਵੱਧ ਵਧਾਈਆਂ ਤਨਖਾਹਾਂ ਨੇ ਜਿੱਥੇ ਪੰਜਾਬ ਦੀ ਵਿਕਾਸ ਗਤੀ ਨੂੰ ਬਰੇਕਾਂ ਲਗਾ ਕੇ ਕਰਜ਼ਾਈ ਕੀਤਾ ਉਥੇ ਕਰਮਚਾਰੀਆਂ ਦਾ ਦਿਮਾਗ ਸੱਤਵੇਂ ਅਸਮਾਨ 'ਤੇ ਚੜ੍ਹਾਇਆ ਹੋਇਆ। ਲਗਾਤਾਰ ਹੜਤਾਲਾਂ ਕਰਕੇ ਲੋਕਾਂ ਦਾ ਆਰਥਿਕ ਤੇ ਮਾਨਸਿਕ ਤੌਰ 'ਤੇ ਨੁਕਸਾਨ ਕੀਤਾ ਜਾ ਰਿਹਾ। ਲੋਕ ਆਪਣੇ ਸਰਕਾਰੀ ਕੰਮਕਾਜ ਕਰਵਾਉਣ ਲਈ ਦਫਤਰਾਂ ਦੇ ਚੱਕਰ ਕੱਟ ਕੇ ਪ੍ਰੇਸ਼ਾਨ ਹੋ ਰਹੇ ਹਨ। ਸਰਕਾਰੀ ਬਾਬੂ ਬੜੇ ਟੌਹਰ ਨਾਲ ਫਿਲਮੀ ਅੰਦਾਜ਼ ਵਿੱਚ ਕਹਿੰਦੇ ਸੁਣੇ ਜਾ ਰਹੇ ਆ ਕਿ ਅਸੀਂ ਤਾਂ ਹੜਤਾਲ ਤੇ ਤਤਕਾਲੀ ਸਰਕਾਰ ਵੱਲੋਂ ਕਰਮਚਾਰੀਆਂ ਨੂੰ ਨਕੇਲ ਨਾ ਪਾਉਣਾ ਜਿਥੇ ਮੌਕੇ ਦੀਆਂ ਸਰਕਾਰਾਂ ਦੇ ਗਲੇ ਦੀ ਹੱਡੀ ਬਣ ਕੇ ਭਾਰੂ ਪੈ ਰਹੇ ਭਾਵ ਕਿ ਅਫਸਰਸ਼ਾਹੀ ਸਰਕਾਰ ਦੇ ਵੱਸੋਂ ਬਾਹਰ ਦਿਖਾਈ ਦੇ ਰਹੀ। ਸਕੂਲਾਂ ਵਿਚ ਸਕਾਲਰਸ਼ਿਪ ਸਕੀਮ ਤਹਿਤ ਜਾਤੀ ਸਰਟੀਫਿਕੇਟ, ਇਨਕਮ ਸਰਟੀਫਿਕੇਟ ਪ੍ਰਾਪਤ ਕਰਨ ਲਈ ਦੋ ਚਾਰ ਹੋਣਾ ਪੈ ਰਿਹਾ। ਜੇਕਰ ਹੜਤਾਲ ਜਾਰੀ ਰਹੀ ਤਾਂ ਵੱਡੀ ਗਿਣਤੀ 'ਚ ਸਕੂਲੀ ਬੱਚੇ ਵਜ਼ੀਫੇ ਸਮੇਤ ਬਾਕੀ ਸਰਕਾਰੀ ਸਹੂਲਤਾਂ ਲੈਣ ਤੋਂ ਵਾਂਝੇ ਰਹਿ ਜਾਣਗੇ ਜਿਸਦੇ ਜ਼ਿੰਮੇਵਾਰ ਸਰਕਾਰ ਤੇ ਸਰਕਾਰੀ ਕਰਮਚਾਰੀ ਹੋਣਗੇ। ਲੋਕਾਂ ਸਰਕਾਰ ਤੋਂ ਮੰਗ ਕੀਤੀ ਕਿ ਹੜਤਾਲ ਕਾਰਨ ਵਾਲੇ ਸਰਕਾਰੀ ਬਾਬੂਆਂ ਦੀ ਹੜਤਾਲੀ ਦਿਨਾਂ ਦੀ ਤਨਖਾਹ 'ਚ ਕਟੌਤੀ ਕਰਨੀ ਚਾਹੀਦੀ ਹੈ ਤਾਂ ਜੋ ਸਰਕਾਰੀ ਖਜ਼ਾਨੇ ਨੂੰ ਵੱਡਾ ਲਾਭ ਮਿਲ ਸਕੇ । ਸੋ ਲੋੜ ਸਰਕਾਰ ਨੂੰ ਨਰਮੀ ਦੀ ਬਜਾਏ ਸਖਤੀ ਕਰਨ ਦੀ ਹੈ ਤਾਂ ਜੋ ਲੋਕਾਂ ਦੇ ਕੰਮਕਾਜ ਨੂੰ ਸੁਚਾਰੂ ਢੰਗ ਤਰੀਕੇ ਨਾਲ ਚਲਾਇਆ ਜਾਵੇ।

## ਗੁ. ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਵਿਖੇ ਨਗਰ ਕੀਰਤਨ ਦਾ ਭਰਵਾਂ ਸਵਾਗਤ

**ਮਜੀਠਾ (ਮਨਮੋਹਨ ਸਿੰਘ)**-ਧੰਨ-ਧੰਨ ਬ੍ਰਹਮ ਗਿਆਨੀ ਪੁੱਤਰਾਂ ਦੇ ਦਾਨੀ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵੱਖ-ਵੱਖ ਪਿੰਡਾਂ ਤੋਂ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਵਿਖੇ ਪਹੁੰਚਣ 'ਤੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਅਤੇ ਸਮੂਹ ਸੰਗਤਾਂ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਰੁਮਾਲਾ ਸਾਹਿਬ ਭੇਟ ਕਰਕੇ ਜੀ ਆਇਆਂ ਕਿਹਾ ਗਿਆ। ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜਿਨ੍ਹਾਂ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੋਇਆ, ਨੂੰ ਸਮਰਪਿਤ ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿਤਸਰ ਤੋਂ ਚੌਂਕੀ ਲੈ ਕੇ ਪੁੱਜੇ ਜਥੇ ਵੱਲੋਂ ਬਾਬਾ ਜੀ ਦਾ ਜਨਮ ਅਸਥਾਨ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਚੌਂਕੀ ਵਿੱਚ ਪੁੱਜੀਆਂ ਸੰਗਤਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸੇ ਤਰ੍ਹਾਂ ਪਿੰਡ ਢੱਡੇ, ਬੱਲਪੁਰੀਆਂ ਆਦਿ ਪਿੰਡਾਂ ਤੋਂ ਵੱਖ-ਵੱਖ ਚੌਂਕੀਆਂ ਅਤੇ ਨਗਰ ਕੀਰਤਨ ਲੈ ਕੇ ਗੁਰਦੁਆਰਾ ਸਾਹਿਬ ਪਹੁੰਚਣ ਵਾਲੀਆਂ ਸੰਗਤਾਂ ਨੂੰ ਜੀ ਆਇਆ ਨੂੰ ਕਿਹਾ ਗਿਆ। ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵੱਖ-ਵੱਖ ਪਿੰਡਾਂ ਵਿੱਚ ਆਉਣ ਜਾਣ ਵਾਲੀਆਂ ਸੰਗਤਾਂ ਲਈ ਲੰਗਰ ਵੀ ਲਾਏ ਗਏ।



## ਪ੍ਰਸ਼ਨੋਤਰੀ ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਨੂੰ ਦਿੱਤੇ ਨਕਦ ਇਨਾਮ ਤੇ ਪ੍ਰਸ਼ੰਸਾ ਪੱਤਰ



**ਧਾਰੀਵਾਲ, (ਮਨਦੀਪ ਵਿੱਕੀ)**-ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਦੇ ਭਾਸ਼ਾ ਵਿਭਾਗ, ਪੰਜਾਬ ਦੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਭਾਸ਼ਾ ਅਫ਼ਸਰ ਗੁਰਦਾਸਪੁਰ ਡਾ. ਪਰਮਜੀਤ ਸਿੰਘ ਕਲਸੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਵਰਗਾਂ ਦੇ ਬਾਲ-ਸਾਹਿਤ ਪ੍ਰਸ਼ਨੋਤਰੀ ਮੁਕਾਬਲੇ ਐੱਸ. ਐੱਲ. ਬਾਵਾ ਡੀ. ਏ. ਵੀ. ਕਾਲਜ ਬਟਾਲਾ ਵਿਖੇ ਕਰਵਾਏ ਗਏ ਜਿਸ ਵਿੱਚ 80 ਪਾਰਟੀਸਿਪੈਂਟਸ ਨੇ ਹਿੱਸਾ ਲਿਆ। ਇਸ ਵਿਚ ਕਾਲਜਾਂ ਵਾਲੇ ਵਰਗ ਵਿਚ ਨਵਨੀਤ ਕੌਰ ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਨੇ ਪਹਿਲਾ, ਭਾਰਤੀ ਦੇਵੀ ਐੱਸ. ਐੱਲ. ਬਾਵਾ ਡੀ. ਏ. ਵੀ. ਕਾਲਜ ਬਟਾਲਾ ਨੇ ਦੂਜਾ ਅਤੇ ਦੀਪਿਕਾ ਐੱਸ. ਐੱਲ. ਬਾਵਾ ਡੀ. ਏ. ਵੀ. ਕਾਲਜ ਬਟਾਲਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਕੂਲਾਂ ਦੇ ਸੀਨੀਅਰ ਸੈਕੰਡਰੀ ਵਰਗ ਵਿੱਚ ਮਨਦੀਪ ਕੌਰ ਮੈਰੀਟੋਰੀਅਸ ਸਕੂਲ ਗੁਰਦਾਸਪੁਰ ਨੇ ਪਹਿਲਾ, ਹਰਪਰਬੀਨ ਕੌਰ ਸੇਂਟ ਸੋਲਜਰ ਮਾਡਰਨ ਸਕੂਲ ਬਟਾਲਾ ਨੇ ਦੂਸਰਾ ਅਤੇ ਕੋਮਲਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ਼ੇਖੂਪੁਰਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਮਿਡਲ ਵਰਗ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਸਿਮਰਨਜੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਗੜ ਨੰਗਲ ਬਟਾਲਾ ਨੇ ਪਹਿਲਾ, ਵੰਸ਼ ਕੁਮਾਰ ਸਵਾਮੀ ਵਿਵੇਕਾਨੰਦ ਹਾਈ ਸਕੂਲ ਦੀਨਾਨਗਰ ਨੇ ਦੂਸਰਾ ਅਤੇ ਬਲਰਾਜ ਸਿੰਘ ਸਰਕਾਰੀ ਮਿਡਲ ਸਕੂਲ ਬਹਾਦਰ ਹੁਸੈਨ ਬਟਾਲਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਵੱਲੋਂ ਮੌਕੇ 'ਤੇ ਪ੍ਰਸ਼ੰਸਾ ਪੱਤਰ ਅਤੇ ਭਾਸ਼ਾ ਵਿਭਾਗ ਵੱਲੋਂ ਭੇਜੇ ਗਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਮੁਕਾਬਲਿਆਂ ਦੀ ਤਿਆਰੀ ਕਰਵਾਉਣ ਵਾਲੇ ਵੱਖ-ਵੱਖ ਅਧਿਆਪਕਾਂ ਨੂੰ ਵੀ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਕਲਸੀ, ਵਾਈਸ ਪ੍ਰਿੰ. ਡਾ. ਸੇਠੀ ਅਤੇ ਡਾ. ਗੁਰਵੰਤ ਸਿੰਘ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸੇਲ ਇੰਚਾਰਜ ਸ਼ਾਮ ਸਿੰਘ, ਹਰਦੇਵ ਰਾਜ, ਗੁਰਨਾਮ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਡਾ. ਅੱਤਰੀ, ਰਜਵੰਤ ਸੈਣੀ, ਲੈਕਚਰਾਰ ਹਰਿੰਦਰ ਕੌਰ ਆਦਿ ਅਧਿਆਪਕਾਂ ਅਤੇ ਅਧਿਕਾਰੀਆਂ ਦਾ ਇਨ੍ਹਾਂ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

## ਲੋਕ ਪ੍ਰਦੂਸ਼ਣ ਰਹਿਤ ਗਰੀਨ ਦੀਵਾਲੀ ਮਨਾਉਣ: ਥਾਣਾ ਮੁਖੀ



**ਕਲਾਨੌਰ , (ਕੋਹਲੀ)**-ਪੰਜਾਬ ਵਿੱਚ ਖੇਤਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੁੰਦੇ ਪ੍ਰਦੂਸ਼ਣ ਤੋਂ ਬਾਅਦ ਤਿਉਹਾਰਾਂ ਦੇ ਸੀਜ਼ਨ ਵਿੱਚ ਦੀਵਾਲੀ ਵਾਲੇ ਦਿਨ ਪਟਾਕਿਆਂ ਦਾ ਪ੍ਰਦੂਸ਼ਣ ਵੀ ਬਹੁਤ ਖਤਰਨਾਕ ਹੁੰਦਾ ਹੈ ਜਿਸ ਨਾਲ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ, ਇਸ ਲਈ ਹਰ ਇੱਕ ਨੂੰ ਪ੍ਰਦੂਸ਼ਣ ਰਹਿਤ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ। ਦੂਸਰੇ ਪਾਸੇ ਕਈ ਲੋਕ ਪੁਲਸ ਦੀ ਕਾਰਗੁਜ਼ਾਰੀ 'ਤੇ ਕਈ ਸਵਾਲੀਆ ਨਿਸ਼ਾਨ ਲਗਾਉਂਦੇ ਹਨ ਪਰ ਕਲਾਨੌਰ ਵਿੱਚ ਪੁਲਸ ਦਾ ਇੱਕ ਵੱਖਰਾ ਰੂਪ ਵੇਖਣ ਨੂੰ ਮਿਲਿਆ ਜਿਸ ਵਿਚ ਪੁਲਸ ਥਾਣਾ ਕਲਾਨੌਰ ਦੇ ਐੱਸਐੱਚਓ ਮਨਜੀਤ ਸਿੰਘ ਵੱਲੋਂ ਪੁਲਸ ਫੋਰਸ ਨੂੰ ਨਾਲ ਲੈ ਕੇ ਕਲਾਨੌਰ ਦੇ ਬਾਜ਼ਾਰਾਂ, ਸ਼ਿਵ ਮੰਦਰ, ਬੱਸ ਸਟੈਂਡ, ਨੈਸ਼ਨਲ ਹਾਈਵੇਅ 354 'ਤੇ ਜਾ ਕੇ ਲੋਕਾਂ ਨੂੰ ਪਟਾਕੇ ਨਾ ਚਲਾ ਕੇ ਗਰੀਨ ਦੀਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਗਿਆ ਅਤੇ ਬਾਜ਼ਾਰਾਂ ਵਿਚ ਛੋਟੇ ਬੱਚਿਆਂ ਨੂੰ ਆਪ ਫੁੱਲ ਵੀ ਵੰਡੇ। ਐੱਸਐੱਚਓ ਮਨਜੀਤ ਸਿੰਘ ਦਾ ਕਹਿਣਾ ਸੀ ਕਿ ਛੋਟੇ ਬੱਚਿਆਂ ਨੂੰ ਫੁੱਲ ਦੇ ਕੇ ਅਸੀਂ ਹਰ ਇੱਕ ਤੱਕ ਇਹ ਸੁਨੇਹਾ ਪਹੁੰਚਾਉਣਾ ਚਾਹੁੰਦੇ ਹਾਂ ਕਿ ਪਟਾਕੇ ਨਾ ਚਲਾ ਕੇ ਇਸ ਵਾਰ ਗ੍ਰੀਨ ਦੀਵਾਲੀ ਮਨਾਈਏ ਤਾਂ ਕਿ ਪ੍ਰਦੂਸ਼ਣ ਰਹਿਤ ਦੀਵਾਲੀ ਹੋਵੇ ਅਤੇ ਪ੍ਰਦੂਸ਼ਣ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਵੀ ਬਚਿਆ ਜਾ ਸਕੇ। ਇਸ ਮੌਕੇ ਉਨ੍ਹਾਂ ਨੇ ਜਿਹੜੇ ਦੁਕਾਨਦਾਰ ਲੁਕ-ਛਿਪ ਕੇ ਪਟਾਕੇ ਵੇਚ ਰਹੇ ਹਨ ਅਤੇ ਕਾਨੂੰਨ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੇ ਹਨ ਉਨ੍ਹਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਉਹ ਪਟਾਕੇ ਨਾ ਵੇਚਣ ਨਹੀਂ ਤਾਂ ਉਨ੍ਹਾਂ 'ਤੇ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ

## 'ਆਪ' ਆਗੂ ਰੰਧਾਵਾ ਨੇ ਪੱਤਰਕਾਰ ਭਾਈਚਾਰੇ ਨਾਲ ਕੀਤੀ ਦੀਵਾਲੀ ਦੀ ਖੁਸ਼ੀ ਸਾਂਝੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਅੱਜ ਡੇਰਾ ਬਾਬਾ ਨਾਨਕ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਦੇ ਸਮੂਹ ਪੱਤਰਕਾਰ ਭਾਈਚਾਰੇ ਨਾਲ ਪੀ ਡਬਲਿਓ ਡੀ ਰੈਸਟ ਹਾਊਸ ਡੇਰਾ ਬਾਬਾ ਨਾਨਕ ਵਿਖੇ ਦੀਵਾਲੀ ਦੇ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।

ਇਸ ਮੌਕੇ ਆਪ ਆਗੂ ਗੁਰਦੀਪ ਸਿੰਘ ਰੰਧਾਵਾ ਵੱਲੋਂ ਵੱਖ ਵੱਖ ਅਦਾਰਿਆਂ ਨਾਲ ਸਬੰਧਿਤ ਪੱਤਰਕਾਰਾਂ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਮਠਿਆਈਆਂ ਤੇ ਗਿਫਟ ਦੇ ਕੇ ਮਾਣ ਸਨਮਾਨ ਕੀਤਾ ਗਿਆ।

ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਆਖਿਆ ਕਿ ਮੈਂ ਸਮੂਹ ਪੱਤਰਕਾਰ ਭਾਈਚਾਰੇ ਦਾ ਦਿਲੋਂ ਸਤਿਕਾਰ ਕਰਦਾ ਹਾਂ ਪੱਤਰਕਾਰ ਭਾਈਚਾਰਾ ਹੀ ਹੈ ਜੋ ਕਿ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਰਕਾਰ ਤੱਕ ਅਤੇ ਸਰਕਾਰ ਵੱਲੋਂ ਜਾਰੀ ਕੀਤੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਸਮੇਤ ਸਮਾਜਿਕ, ਰਾਜਨੀਤਿਕ, ਧਾਰਮਿਕ ਪ੍ਰੋਗਰਾਮਾਂ ਨੂੰ ਅਪਨਾ ਮੁਢੱਲਾ ਫਰਜ਼ ਸਮਝ ਕੇ ਆਪਣੀਆਂ ਅਖਬਾਰਾਂ ਰਾਹੀਂ ਉਜਾਗਰ ਕਰਦੇ ਹਨ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਹਲਕਾ ਵਾਸੀਆਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਹਲਕਾ ਨਿਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਵੀ ਦਿੱਤੀ।

ਇਸ ਮੌਕੇ ਰਾਜੇਸ਼ ਕੁਮਾਰ ਗੁਪਤਾ, ਗਗਨਬੀਰ ਸਿੰਘ, ਰਜਤ ਮਰਵਾਹਾ, ਸੁਧੀਰ ਬੇਦੀ, ਪੱਤਰਕਾਰ ਸੱਤਪਾਲ ਜ਼ਖਮੀ,ਅਵਤਾਰ ਸਿੰਘ ਰੰਧਾਵਾ, ਗੁਰਇਕਬਾਲ ਸਿੰਘ, ਆਸ਼ਕ ਰਾਜ ਮਾਹਲਾ, ਹੀਰਾ ਸਿੰਘ ਮਾਂਗਟ, ਚੇਤਨ ਕੁਮਾਰ, ਮੂਲਰਾਜ ਭੱਟੀ, ਰਮੇਸ਼ ਸ਼ਰਮਾ, ਡਾ: ਨਰਿੰਦਰ ਵਤਨ, ਕੰਵਲਜੀਤ ਸਿੰਘ, ਗੁਲਸ਼ਨ ਕੁਮਾਰ, ਵਿਨੋਦ ਸੋਨੀ, ਮਾਸਟਰ ਕੰਵਲਜੀਤ ਸਿੰਘ, ਮਨਿੰਦਰ ਸਿੰਘ ਹੈਪੀ ਕੋਟਲੀ, ਵਿਜੇ ਸ਼ਰਮਾ, ਸੋਨੂੰ ਸਟੂਡਿਓ ਅਤੇ ਹੋਰ ਪੱਤਰਕਾਰ ਵੀ ਹਾਜ਼ਰ ਸਨ।

## ਵਿਦਿਆਰਥੀਆਂ ਨੂੰ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਲਈ ਕੀਤਾ ਪ੍ਰੇਰਿਤ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਬਾਬਾ ਬੁੱਢਾ ਜੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸੰਤੋਖ ਸਿੰਘ, ਡਾਇਰੈਕਟਰ ਡਾ. ਜੋਗਿੰਦਰ ਸਿੰਘ ਕੈਰੋਂ ਅਤੇ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਸਾਹਿਬਾਨ ਦੀ ਰਹਿਨੁਮਾਈ ਹੇਠ ਚੱਲ ਰਹੇ ਬਾਬਾ ਬੁੱਢਾ ਜੀ ਕਾਲਜ ਬੀੜ ਸਾਹਿਬ ਦੇ ਪ੍ਰਿੰ. ਰਾਜਵਿੰਦਰਜੀਤ ਸਿੰਘ ਖਹਿਰਾ ਦੀ ਅਗਵਾਈ ਹੇਠ ਕਾਲਜ ਵਿਖੇ ਵਿਦਿਆਰਥੀਆਂ ਨੇ ਬੰਦੀਛੋੜ ਦਿਵਸ ਅਤੇ ਦੀਵਾਲੀ ਦੇ ਤਿਉਹਾਰ ਨਾਲ ਸੰਬੰਧਿਤ ਕਾਲਜ ਵਿਖੇ ਰੰਗੋਲੀ ਬਣਾਈ ਗਈ। ਇਸ ਮੌਕੇ ਵਿਦਿਆਰਥੀਆਂ ਦੁਆਰਾ ਕਾਲਜ ਵਿਖੇ ਰੁੱਖ ਲਗਾਏ ਗਏ। ਇਸ ਮੌਕੇ ਪ੍ਰਿੰ. ਸਾਹਿਬ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਮੁਕਤ ਗ੍ਰੀਨ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸਾਹਿਬ ਵੱਲੋਂ ਦੀਵਾਲੀ ਤੇ ਬੰਦੀਛੋੜ ਦਿਵਸ ਦੀਆਂ ਸਟਾਫ ਅਤੇ ਵਿਦਿਆਰਥੀਆਂ ਨੂੰ ਢੇਰ ਸਾਰੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪ੍ਰੋ. ਅਮਰਬੀਰ ਸਿੰਘ, ਪ੍ਰੋ. ਸੁਰਿੰਦਰ ਸਿੰਘ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਸੁਖਪਾਲ ਕੌਰ, ਪ੍ਰੋ. ਰਮਨਦੀਪ ਕੌਰ, ਪ੍ਰੋ. ਪਵਨਪ੍ਰੀਤ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਕੁਲਵਿੰਦਰ ਕੌਰ ਅਤੇ ਸੁਖਬੀਰ ਸਿੰਘ ਹਾਜ਼ਰ ਸਨ।

## ਠੇਕੇਦਾਰ ਸਤਨਾਮ ਸਿੰਘ ਤੇ ਜਗੀਰ ਸਿੰਘ ਕਿਸਾਨਾਂ ਲਈ ਬਣੇ ਰੋਲ ਮਾਡਲ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮਸ਼ੀਨੀਕਰਨ ਦੇ ਦੌਰ ਵਿੱਚ ਕਿਸਾਨਾਂ ਵੱਲੋਂ ਆਮ ਤੌਰ 'ਤੇ ਪਰਾਲੀ ਨੂੰ ਅੱਗ ਲਗਾ ਕੇ ਹੀ ਕਣਕ ਦੀ ਬਿਜਾਈ ਕੀਤੀ ਜਾਂਦੀ ਰਹੀ ਹੈ ਜਦਕਿ ਹੁਣ ਬਹੁਤੇ ਕਿਸਾਨ ਅਜਿਹੇ ਵੀ ਹਨ ਜਿਨ੍ਹਾਂ ਸਮੇਂ ਦੀ ਨਬਜ਼ ਨੂੰ ਸਮਝਦਿਆਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਤੋਂ ਤੌਬਾ ਕਰ ਦਿੱਤੀ ਹੈ। ਅਜਿਹੇ ਸੂਝਵਾਨ ਕਿਸਾਨਾਂ ਵਿਚੋਂ ਬਲਾਕ ਪੱਟੀ ਦੇ ਪਿੰਡ ਸਭਰਾ ਦੇ ਕਿਸਾਨ ਠੇਕੇਦਾਰ ਸਤਨਾਮ ਸਿੰਘ ਅਤੇ ਜਗੀਰ ਸਿੰਘ ਵੀ ਹਨ। ਇਨ੍ਹਾਂ ਵਿਚੋਂ ਠੇਕੇਦਾਰ ਸਤਨਾਮ ਸਿੰਘ ਪਿਛਲੇ ਤਿੰਨ ਸਾਲ ਤੋਂ 30 ਏਕੜ ਜਦਕਿ ਜਗੀਰ ਸਿੰਘ ਪਿਛਲੇ ਪੰਜ ਸਾਲ ਤੋਂ 18 ਏਕੜ ਕਣਕ ਦੇ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾ ਰਹੇ। ਉਹ ਜਿੱਥੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰ ਦਿੰਦੇ ਹਨ ਉੱਥੇ ਕੁਝ ਰਕਬੇ ਵਿਚੋਂ ਪਰਾਲੀ ਦੀਆਂ ਗੱਠਾਂ ਬਣਾ ਕੇ ਗਊਸ਼ਾਲਾ ਦੁਬਲੀ ਸੇਵਾ ਭੇਟਾ ਵਜੋਂ ਦੇ ਆਉਂਦੇ ਹਨ। ਇਸ ਤਰ੍ਹਾਂ ਇਹ ਕਿਸਾਨ ਜਿਥੇ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਵਾਤਾਵਰਣ ਨੂੰ ਖਰਾਬ ਹੋਣ ਤੋਂ ਬਚਾ ਲੈਂਦੇ ਹਨ ਉਥੇ ਬੇਆਸਰਾ ਗਊਆਂ ਲਈ ਪਰਾਲੀ ਦਾ ਪ੍ਰਬੰਧ ਕਰਕੇ ਉਨ੍ਹਾਂ ਦਾ ਆਸਰਾ ਬਣਦੇ ਹਨ। ਇਨ੍ਹਾਂ ਕਿਸਾਨਾਂ ਦੇ ਉੱਦਮ ਅਤੇ ਸੇਵਾ ਭਾਵਨਾ ਦੀ ਪ੍ਰਸ਼ੰਸ਼ਾ ਕਰਦਿਆਂ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਅਤੇ ਖੇਤੀਬਾੜੀ ਵਿਕਾਸ ਅਫਸਰ ਡਾ. ਸੰਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਸਤਨਾਮ ਸਿੰਘ ਪਿਛਲੇ ਤਿੰਨ ਸਾਲ ਤੋਂ ਪਰਾਲੀ ਪ੍ਰਬੰਧਨ ਕਰ ਰਿਹਾ ਹੈ।

ਉਹ ਹਾੜ੍ਹੀ, ਸਾਉਣੀ ਗਊਸ਼ਾਲਾ ਦੁੱਬਲੀ ਵਿਖੇ ਤੂੜੀ ਅਤੇ ਪਰਾਲੀ ਦੀ ਸੇਵਾ ਕਰਦਾ ਹੈ। ਇਨ੍ਹਾਂ ਕਿਸਾਨਾਂ ਦੇ ਖੇਤਾਂ ਦੇ ਨਿਰੀਖਣ ਕਰਨ ਉਪਰੰਤ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਦੂਜੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਵਾਤਾਵਰਨ ਅਤੇ ਜ਼ਮੀਨ ਦੀ ਸਿਹਤ ਬਣਾਈ ਰੱਖਣ ਲਈ ਹਰ ਸੰਭਵ ਯਤਨ ਕਰਨ ਕਿ ਪਰਾਲੀ ਨੂੰ ਖੁੱਲ੍ਹੇ ਵਿੱਚ ਅੱਗ ਨਾ ਲਗਾਈ ਜਾਵੇ। ਨਾਲ ਦੀ ਨਾਲ ਵਾਤਾਵਰਣ ਵਿੱਚ ਪਾਏ ਜਾਂਦੇ ਮਿੱਤਰ ਜੀਵਾਂ ਦੇ ਵਾਧੇ ਨਾਲ ਫਸਲ ਮਿਆਰੀ ਅਤੇ ਵੱਧ ਝਾੜ ਦੇਵੇਗੀ।

## ਗਰੀਨ ਦੀਵਾਲੀ ਮਨਾਉਣ ਲਈ ਵਿਦਿਆਰਥੀਆਂ 'ਚ ਦਿਸਿਆ ਡਾਢਾ ਉਤਸ਼ਾਹ

**ਗੁਰਦਾਸਪੁਰ (ਜਨਕ ਮਹਾਜਨ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਹਤ ਪੋਕਰ ਵਿਖੇ ਸਮੂਹ ਸਟਾਫ ਤੇ ਪ੍ਰਿੰਸੀਪਲ ਬਲਵਿੰਦਰ ਕੌਰ ਦੀ ਅਗਵਾਈ ਹੇਠ ਗਰੀਨ ਤੇ ਸੇਫ ਦੀਵਾਲੀ ਮਨਾਉਣ ਵਿਚ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਹੈ। ਪ੍ਰਿੰਸੀਪਲ ਬਲਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਨੂੰ ਚਾਰ ਹਾਊਸਾਂ ਵਿਚ ਵੰਡਿਆ ਹੋਇਆ ਹੈ। ਪਹਿਲਾ ਹਾਊਸ ਡਾ. ਅੰਬੇਡਕਰ, ਦੂਜਾ ਹਾਊਸ ਡਾ. ਏ. ਪੀ. ਅਬਦੁਲ ਕਲਾਮ, ਤੀਜਾ ਹਾਊਸ ਡਾ. ਰਾਧਾ ਕ੍ਰਿਸ਼ਨ ਅਤੇ ਚੌਥਾ ਹਾਊਸ ਡਾ. ਹਰਗੋਬਿੰਦ ਖੁਰਾਨਾ ਹੈ। ਪ੍ਰਿੰਸੀਪਲ ਬਲਵਿੰਦਰ ਕੌਰ ਨੇ ਦੀਵਾਲੀ ਦੇ ਤਿਉਹਾਰ ਮੌਕੇ ਬੱਚਿਆਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਪਟਾਕਿਆਂ ਦੇ ਨੁਕਸਾਨ ਬਾਰੇ ਵਿਸਥਾਰ ਰੂਪ ਵਿਚ ਜਾਣਕਾਰੀ ਦਿੱਤੀ ਅਤੇ ਸਕੂਲ ਸਟਾਫ ਵਲੋਂ ਬੱਚਿਆ ਨੂੰ ਸਪੈਸ਼ਲ ਭੋਜਨ ਵੀ ਖਵਾਇਆ ਗਿਆ ਅਤੇ ਦੀਵਾਲੀ ਵਾਲੇ ਦਿਨ ਸਾਰੇ ਸਕੂਲ ਨੂੰ ਰੌਸ਼ਨੀਆਂ ਨਾਲ ਰੁਸ਼ਨਾਉਣ ਦਾ ਫੈਸਲਾ ਕੀਤਾ। ਇਸ ਕਾਰਜ ਵਿਚ ਅਧਿਆਪਕਾਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਹਨ। ਇਸ ਮੌਕੇ ਸਕੂਲ ਸਟਾਫ ਵਿਚ ਲੈਕਚਰਾਰ ਭੁਪਿੰਦਰ ਸਿੰਘ ਸਮਰਾ, ਅਧਿਆਪਕਾਂ ਅਮਨਦੀਪ ਕੌਰ, ਮੋਨਿਕਾ, ਰਾਹੁਲ ਸ਼ਰਮਾ, ਦੀਪਕ, ਕਪਿਲ, ਕਮਲਜੀਤ ਸਿੰਘ, ਕਮਲਜੀਤ ਕੌਰ, ਪਿੰਕੀ ਰਾਣੀ, ਬੇਵੀ ਰਾਣੀ, ਨੰਦ ਸਿੰਘ ਅਤੇ ਕੁਸਮ ਲਤਾ ਆਦਿ ਹਾਜ਼ਰ ਸਨ।

## ਲਿਟਲ ਫਲਾਵਰ ਕਾਨਵੈਂਟ ਸਕੂਲ 'ਚ ਕਰਵਾਈ ਦੋ ਦਿਨਾ ਸਪੋਰਟਸ ਮੀਟ



**ਧਾਰੀਵਾਲ, (ਮਨਦੀਪ ਵਿੱਕੀ)**-ਇਥੇ ਲਿਟਲ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਫਾਦਰ ਜੋਸ਼ ਪਡਿਆਟੀ ਅਤੇ ਪ੍ਰਿੰਸੀਪਲ ਸਿਸਟਰ ਰਜੀਨਾ ਪੌਲ ਦੀ ਅਗਵਾਈ ਹੇਠ ਦੋ ਦਿਨਾਂ ਸਲਾਨਾ ਸਪੋਰਟਸ ਮੀਟ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਈ। ਸਪੋਰਟਸ ਮੀਟ ਵਿੱਚ ਸਕੂਲ ਦੇ ਵੱਖ-ਵੱਖ ਹਾਊਸਾਂ (ਟੈਗੋਰ ਹਾਊਸ, ਨਹਿਰੂ ਹਾਊਸ, ਸੁਭਾਸ਼ ਹਾਊਸ, ਗਾਂਧੀ ਹਾਊਸ) ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਸਪੋਰਟਸ ਮੀਟ ਦਾ ਉਦਘਾਟਨ ਡੀ. ਐੱਸ. ਪੀ. ਸੁਖਵਿੰਦਰ ਸਿੰਘ ਬਰਾੜ ਨੇ ਕੀਤਾ। ਅੱਜ ਅਖੀਰਲੇ ਤੇ ਸਮਾਪਤੀ ਵਾਲੇ ਦਿਨ ਐੱਸ. ਡੀ. ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਨਾਮ ਵੰਡ ਸਮਾਗਮ 'ਚ ਮੁੱਖ ਮਹਿਮਾਨ ਐੱਸ. ਡੀ. ਐੱਮ. ਅਮਨਦੀਪ ਕੌਰ ਘੁੰਮਣ ਅਤੇ ਹੋਰ ਮਹਿਮਾਨਾਂ ਦੁਆਰਾ ਜੇਤੂ ਖਿਡਾਰੀਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਐੱਸ. ਡੀ. ਐੱਮ. ਅਮਨਦੀਪ ਕੌਰ ਘੁੰਮਣ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਧੇਰੇ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਖੇਡਾਂ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ ਅਤੇ ਅਨੁਸ਼ਾਸਨ ਅਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੀਆਂ ਜੋ ਕਿ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਬਹੁਤ ਜ਼ਰੂਰੀ ਹਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਅਤੇ ਹੋਰ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡਾਇਰੈਕਟਰ ਫਾਦਰ ਜੋਸ਼ ਪਡਿਆਟੀ, ਪ੍ਰਿੰਸੀਪਲ ਸਿਸਟਰ ਰਜੀਨਾ ਪੌਲ, ਫਾਦਰ ਕਿਰਨ ਕੁਮਾਰ, ਸਿਸਟਰ ਰੀਮਾ ਰੋਜ, ਪੀ. ਆਰ. ਓ. ਸਵਰਨ ਸਿੰਘ, ਸਟਾਫ ਸੈਕਟਰੀ ਰੋਜ ਕੈਰੋਲੀਨ, ਨੌਰਮਨ ਇਜ਼ੀਏਕਲ, ਨਿੱਧੀ ਮੋਦਗਿਲ, ਮੱਧੂ ਕਾਲੀਆ ਅਤੇ ਪੀ. ਟੀ. ਅਧਿਆਪਕ ਪ੍ਰਦੀਪ ਕੁਮਾਰ, ਪ੍ਰਵੀਨ ਬਨਾਰਡ ਤੇ ਜਸਬੀਰ ਕੌਰ ਆਦਿ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਖੁਸ਼ੀਆਂ-ਖੇੜਿਆਂ ਨਾਲ ਮਨਾਇਆ ਡੀਏਵੀ ਸਕੂਲ 'ਚ ਰੌਸ਼ਨੀਆਂ ਦਾ ਤਿਓਹਾਰ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ, ਝਬਾਲ ਵਿੱਚ ਰੀਜਨਲ ਅਫਸਰ ਡਾ: ਮੈਡਮ ਨੀਲਮ ਕਾਮਰਾ, ਸਕੂਲ ਮੈਨੇਜਰ ਡਾ: ਨੀਰਾ ਸ਼ਰਮਾ, ਸਕੂਲ ਪ੍ਰਿੰ. ਕੁਸਮ ਸ਼ਰਮਾ , ਪ੍ਰਿੰ. ਪਰਮਜੀਤ ਕੁਮਾਰ (ਭਿੱਖੀਵਿੰਡ ਸਕੂਲ), ਮੈਡਮ ਸ੍ਰੀਸ਼ਾ ਗੁਪਤਾ ਅਤੇ ਐੱਲਐੱਮਸੀ ਮੈਂਬਰ ਮੇਸ਼ ਸੂਦ ਅਤੇ ਸੰਜੀਵ ਸੂਦ ਦੀ ਯੋਗ ਅਗਵਾਈ ਵਿਚ ਰੌਸ਼ਨੀਆਂ ਦਾ ਤਿਓਹਾਰ 'ਦੀਵਾਲੀ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰਪੰਚ ਨਰਿੰਦਰ ਸਨ। ਉਨ੍ਹਾਂ ਦੇ ਨਾਲ ਹਰਪਿੰਦਰ ਸਿੰਘ, ਸੁਖਜਿੰਦਰ ਸਿੰਘ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਮੈਡਮ ਸ੍ਰੀਸ਼ਾ ਗੁਪਤਾ ਨੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰਾਂ ਰੰਜੂ ਸਚਦੇਵਾ, ਮਨਪ੍ਰੀਤ ਕੌਰ, ਆਰਤੀ ਮਹਾਜਨ, ਸੋਨੀਆ ਸ਼ਰਮਾ, ਸੂਚੀ ਸੂਦ, ਪੂਜਾ ਭਗਤ, ਰਾਜਬੀਰ ਕੌਰ, ਕੁਮਾਰੀ ਨੇਹਾ ਖੁੱਲਰ, ਰਕਸੰਦਨ, ਲਿਵਿਆ ਸੂਦ, ਰਿਤਿਕਾ, ਨਵਰੂਪ ਕੌਰ ਅਤੇ ਤਪੱਸਿਆ ਦੀ ਅਗਵਾਈ ਵਿਚ ਬੱਚਿਆਂ ਦੇ ਰੰਗੋਲੀ ਤੋਰਨ ਬਣਾਏ। ਇਸ ਤੋਂ ਇਲਾਵਾ ਦੀਵੇ ਅਤੇ ਮੋਮਬੱਤੀਆਂ ਸਜਾਉਣ ਅਤੇ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਇਲਾਵਾ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਬੱਚਿਆਂ ਨੇ ਦੀਵਾਲੀ ਨਾਲ ਸਬੰਧਤ ਦਿਨਾਂ ਜਿਵੇਂ ਧਨਤੇਰਸ ਅਤੇ ਬੰਦੀਛੋੜ ਦਿਵਸ 'ਤੇ ਵਿਚਾਰ ਪੇਸ਼ ਕੀਤੇ। ਬੱਚਿਆਂ ਦੁਆਰਾ ਇੱਕ ਸਕਿੱਟ ਪੇਸ਼ ਕੀਤੀ ਗਈ ਜਿਸ ਵਿਚ ਧਨ ਦੌਲਤ ਨਾਲੋਂ ਵਿੱਦਿਆ ਦੀ ਦੌਲਤ ਨੂੰ ਵਧੇਰੇ ਉੱਤਮ ਮੰਨਿਆ ਗਿਆ। ਮੈਡਮ ਸ੍ਰੀਸ਼ਾ ਨੇ ਬੱਚਿਆਂ ਨੂੰ ਦੀਵਾਲੀ ਦਾ ਮਹੱਤਵ ਸਮਝਾਇਆ ਤੇ ਪ੍ਰਦੂਸ਼ਣ ਰਹਿਤ ਤੇ ਸੁਰੱਖਿਅਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ। ਇਸ ਸ਼ੁਭ ਦਿਹਾੜੇ 'ਤੇ ਮੈਡਮ ਸ੍ਰੀਸ਼ਾ ਗੁਪਤਾ ਨੇ ਸਕੂਲ ਦੇ ਅਧਿਆਪਕਾਂ ਅਤੇ ਹੋਰ ਸਟਾਫ ਮੈਂਬਰਾਂ ਨੂੰ ਸਨਮਾਨਿਤ ਕੀਤਾ ਤੇ ਸਭ ਨੂੰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।

## ਚੇਅਰਮੈਨ ਦਇਆ ਸਿੰਘ ਦਾ 'ਆਪ' ਆਗੂ ਵੱਲੋਂ ਵਿਸ਼ੇਸ਼ ਸਨਮਾਨ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)**-ਇਲਾਕੇ ਦੇ ਉੱਘੇ ਸਮਾਜ ਸੇਵੀ ਅਤੇ ਪ੍ਰਸਿੱਧ ਆਮ ਆਦਮੀ ਪਾਰਟੀ ਦੇ ਨਿਧੜਕ ਵਰਕਰ ਪ੍ਰਦੀਪ ਢਿੱਲੋਂ ਖਾਦ ਸਟੋਰ ਵਾਲਿਆਂ ਨੇ ਚੇਅਰਮੈਨ ਦਇਆ ਸਿੰਘ ਚੋਹਲਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਦੀਪ ਢਿੱਲੋਂ ਨੇ ਕਿਹਾ ਕਿ ਹਲਕਾ ਵਿਧਾਇਕ ਦੀਆਂ ਹਦਾਇਤਾਂ ਮੁਤਾਬਿਕ ਦਇਆ ਸਿੰਘ ਨੂੰ ਜੋ ਬਿਜਲੀ ਮਹਿਕਮੇ ਦਾ ਕੰਮ ਦਿੱਤਾ ਉਹ ਕੰਮ ਬਾਖੂਬੀ ਨਿਭਾ ਕੇ ਇਲਾਕੇ ਵਿੱਚ ਵੱਖਰੀ ਮਿਸਾਲ ਪੈਦਾ ਕਰ ਰਹੇ ਹਨ ਤੇ ਆਸ ਵੀ ਕਰਦੇ ਹਾਂ ਕਿ ਇਹ ਕੰਮ ਇਸੇ ਸ਼ਿੱਦਤ ਨਾਲ ਅੱਗੋਂ ਵੀ ਕਰਦੇ ਰਹਿਣਗੇ।

## ਸਿੱਖਿਆ 'ਚ ਟਾਪਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

**ਅੰਮ੍ਰਿਤਸਰ (ਅਰੋੜਾ)**-ਸਿੱਖਿਆ ਜਗਤ ਵਿੱਚ ਆਪਣੀ ਚੰਗੀ ਛਵੀ ਬਣਾਉਣ ਵਾਲੇ ਵਿਦਿਆਰਥੀਆਂ ਦੇ ਹੌਸਲੇ ਬੁਲੰਦ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਮਾਗਮ ਦਾ ਆਯੋਜਨ ਗੁਰਦੁਆਰਾ ਸ੍ਰੀ ਹਰਿਗੋਬਿੰਦ ਸਾਹਿਬ ਘਣੂੰਪੁਰ ਵਿਖੇ ਕੀਤਾ ਗਿਆ। ਸਮਾਗਮ ਵਿੱਚ ਮਹਾਨ ਸਮਾਜ ਸੇਵਕ ਬਲਰਾਮ ਕ੍ਰਿਸ਼ਨ ਅਰੋੜਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਗੁਰਦੁਆਰਾ ਕਮੇਟੀ ਵੱਲੋਂ ਬਲਰਾਮ ਕ੍ਰਿਸ਼ਨ ਅਰੋੜਾ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਸੰਧੂ, ਬਾਬਾ ਹਰ ਪ੍ਰਕਾਸ਼, ਬਾਬਾ ਹਰਦੇਵ ਸਿੰਘ, ਇਕਬਾਲ ਸਿੰਘ ਅਤੇ ਸੋਹਣ ਸਿੰਘ ਸਕੱਤਰ ਪੰਜਾਬੀ ਸੱਭਿਅਤਾ ਘਣੂੰਪੁਰ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

